ECONSPEAK: A Journal of Advances in Management IT & Social Sciences,
Vol. 12, Issue 08, August 2022 Impact Factor 8.059 ISSN: (2231-4571)
www.skirec.org Email Id: skirec.org@gmail.com

# ਬਾਂਗਰ ਖੇਤਰ ਵਿਚ ਵਿਆਹ ਸਮੇਂ ਗਾਏ ਜਾਣ ਵਾਲੇ ਗੀਤਾਂ ਦਾ ਸਭਿਆਚਾਰਕ ਅਧਿਐਨ

**ਡਾ. ਜਸਵੀਰ ਕੌਰ,**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

ਮਨੁੱਖ ਦੇ ਸਭਿਆਚਾਰਕ ਜੀਵਨ ਦਾ ਦੂਜਾ ਮਹੱਤਵਪੂਰਨ ਪੜਾਅ ਵਿਆਹ ਹੈ। ਮਨੁੱਖੀ ਜੀਵਨ ਦੇ ਇਸ ਪੜਾਅ ਨੂੰ ਸਮਾਜ ਵਿਚ ਬੜੇ ਹੀ ਚਾਵਾਂ ਨਾਲ ਮਨਾਇਆ ਜਾਂਦਾ ਹੈ। ਵਿਆਹ ਔਰਤ ਅਤੇ ਮਰਦ ਨੂੰ ਜਿਨਸੀ ਸਬੰਧ ਸਥਾਪਿਤ ਕਰਨ ਲਈ ਸਮਾਜ ਵੱਲੋਂ ਬਣਾਈ ਗਈ ਸਵੀਕ੍ਰਿਤ ਸੰਸਥਾ ਹੈ, ਜਿਸ ਰਾਹੀਂ ਔਰਤ ਅਤੇ ਮਰਦ ਲਿੰਗ ਸੰਬੰਧਾਂ ਦੀ ਪੂਰਤੀ ਅਤੇ ਸੰਤੁਸ਼ਟੀ ਪ੍ਰਾਪਤ ਕਰਨ ਦੇ ਨਾਲ-ਨਾਲ ਸੰਤਾਨ ਪੈਦਾ ਕਰਦੇ ਹਨ। ਵਿਆਹ ਉਪਰੰਤ ਔਰਤ ਅਤੇ ਮਰਦ ਸਮਾਜ ਅਤੇ ਆਪਣੀ ਸੰਤਾਨ ਪ੍ਰਤੀ ਫ਼ਰਜ਼ ਨਿਭਾਉਣ ਦੀ ਪ੍ਰਤਿਗਿਆ ਵੀ ਕਰਦੇ ਹਨ। ਇਸ ਰਾਹੀਂ ਵਿਅਕਤੀ ਬਹੁਤ ਸਾਰੀਆਂ ਸਮਾਜਿਕ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਮਨੁੱਖੀ ਸਮਾਜ ਦੀ ਹੋਂਦ ਵਿਆਹ ਪ੍ਰਬੰਧ ਰਾਹੀਂ ਹੀ ਬਰਕਰਾਰ ਰੱਖੀ ਜਾ ਸਕਦੀ ਹੈ ਕਿਉਂਕਿ ਵਿਆਹ ਪ੍ਰਬੰਧ ਤੋਂ ਬਿਨਾਂ ਸਮਾਜ ਦੀ ਕੋਈ ਵੀ ਹੋਂਦ ਨਹੀਂ ਹੋ ਸਕਦੀ। ਸਮਾਜ ਦੀ ਹੋਂਦ ਦੇ ਨਾਲ-ਨਾਲ ਵਿਅਕਤੀ ਲਈ ਵਿਆਹ, ਖੁਸ਼ੀਆਂ-ਚਾਵਾਂ ਦਾ ਸਭ ਤੋਂ ਅਹਿਮ ਮੌਕਾ ਹੁੰਦਾ ਹੈ, ਜਿਥੇ ਵਿਅਕਤੀ ਦਾ ਆਪਾ ਸੁਚੇਤ ਰੂਪ ਵਿਚ ਕਾਰਜਸੀਲ ਹੋ ਕੇ ਆਪਣੀਆਂ ਸਭਿਆਚਾਰਕ ਜ਼ਿੰਮੇਵਾਰੀਆਂ ਚੁੱਕਣ ਲਈ ਵੀ ਤਿਆਰ ਹੁੰਦਾ ਹੈ। ਵਿਆਹ ਉਪਰੰਤ ਹੀ ਔਰਤ ਅਤੇ ਮਰਦ ਦੇ ਜਿਨਸੀ ਸਬੰਧ ਪੀੜੀ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਜ ਵਿਚ ਰਹਿੰਦਾ ਵਿਅਕਤੀ ਕੁੱਝ ਸਮਾਜਿਕ ਕਦਰਾਂ-ਕੀਮਤਾਂ ਨੂੰ ਧਿਆਨ ਵਿਚ ਰੱਖਦਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਦਾ ਵਿਹਾਰਕ ਅਤੇ ਕਾਰਜਗਤ ਨਿਭਾਉ ਹੀ ਸਭਿਆਚਾਰ ਵਿਚ ਰੀਤਾਂ-ਰਸਮਾਂ ਦਾ ਦਰਜਾ ਗ੍ਰਹਿਣ ਕਰ ਜਾਂਦਾ ਹੈ। ਬਾਂਗਰੂ ਸਭਿਆਚਾਰ ਵਿਚ ਵਿਆਹ ਸਮੇਂ ਕੀਤੀਆਂ ਜਾਣ ਵਾਲੀਆਂ ਰੀਤਾਂ-ਰਸਮਾਂ ਦਾ ਮੁੱਖ ਮੰਤਵ ਨਵੀਂ ਜੋੜੀ ਦੀ ਖੁਸ਼ਹਾਲੀ, ਵੰਸ਼ ਪਰੰਪਰਾ ਨੂੰ ਅੱਗੇ ਤੋਰਨਾ, ਵਿਆਹੁਤਾ ਜੋੜੀ ਨੂੰ ਮਾੜੀਆਂ ਇੱਲ-ਬਲਾਵਾਂ ਤੋਂ ਬਚਾਉਣਾ ਅਤੇ ਉਹਨਾਂ ਦੀ ਜ਼ਿੰਦਗੀ ਵਿਚ ਖੁਸ਼ੀਆਂ ਦੀ ਆਮਦ ਹੁੰਦਾ ਹੈ। ਇਸ ਤੋਂ ਇਲਾਵਾ ਨਵੀਂ ਜੋੜੀ ਨੂੰ ਵਿਆਹ ਵਰਗਾ ਪਵਿੱਤਰ ਕਾਰਜ ਕਰਨ ਲਈ ਸਮੂਹਿਕ ਅਤੇ ਸਮਾਜਿਕ ਪ੍ਰਵਾਨਗੀ ਦੇਣਾ ਵੀ ਹੁੰਦਾ ਹੈ। ਕਿਸੇ ਵੀ ਕੌਮ ਦੇ ਸਭਿਆਚਾਰ ਨੂੰ ਜਾਣਨ ਲਈ ਉਸ ਸਭਿਆਚਾਰ ਦੀਆਂ ਰੀਤਾਂ-ਰਸਮਾਂ ਅਤੇ ਲੋਕਗੀਤਾਂ ਦਾ ਵਿਸ਼ਲੇਸ਼ਣ ਅਹਿਮ ਭੂਮਿਕਾ ਨਿਭਾਉਂਦਾ ਹੈ।

ਹਥਲੇ ਖੋਜ ਪੇਪਰ ਵਿਚ ਬਾਂਗਰ ਸਭਿਆਚਾਰ ਵਿਚ ਵਿਆਹ ਸਮੇਂ ਗਾਏ ਜਾਣ ਵਾਲੇ ਲੋਕ-ਗੀਤਾਂ ਦਾ ਸਭਿਆਚਾਰਕ ਅਧਿਐਨ ਕਰਨ ਤੋਂ ਪਹਿਲਾ ਬਾਂਗਰ ਅਤੇ ਬਾਂਗਰੂ ਸ਼ਬਦਾਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ।

**ਬਾਂਗਰ: ਪਛਾਣ ਤੇ ਪਾਸਾਰ:-**

1966 ਤੋਂ ਪਹਿਲਾਂ ਭਾਰਤ ਦੇ ਨਕਸ਼ੇ ਵਿਚ ਹਰਿਆਣਾ ਰਾਜ ਦੀਆਂ ਸੀਮਾਵਾਂ ਦਾ ਕੋਈ ਵੀ ਉਲੇਖ ਨਹੀਂ ਮਿਲਦਾ। ਇਤਿਹਾਸਕ ਅਤੇ ਭੂਗੋਲਿਕ ਪੱਖ ਤੋਂ ਵੀ ਇਸ ਖਿੱਤੇ ਦੀ ਵਰਗਵੰਡ ਦਾ ਕੋਈ ਵੀ ਨਿਰਦੇਸ਼ ਨਹੀਂ ਮਿਲਦਾ ਹੈ।

ਪਰੰਤੂ ਫਿਰ ਵੀ ਇਸ ਖਿੱਤੇ ਦੀ ਸੰਸਕ੍ਰਿਤੀ ਅਤੇ ਭਾਸ਼ਾ ਨੇ ਸ਼ੁਰੂ ਤੋਂ ਹੀ ਆਪਣਾ ਸਰਵ ਸ੍ਰੇਸ਼ਟ ਵਿਅਕਤੀਤਵ ਕਾਇਮ ਰੱਖਿਆ ਹੋਇਆ ਹੈ। ਇਸ ਲਈ ਸਮੇਂ-ਸਮੇਂ ਤੇ ਵਿਦਵਾਨਾਂ ਵੱਲੋਂ ਇਸ ਖਿੱਤੇ ਦੀਆਂ ਸੀਮਾਵਾਂ ਨੂੰ ਨਿਰਧਾਰਿਤ ਕਰਨ ਅਤੇ ਇੱਥੇ ਬੋਲੀ ਜਾਣ ਵਾਲੀ ਭਾਸ਼ਾ ਨੂੰ ਇਕ ਨਾਂ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਸਭ ਤੋਂ ਗੋਰਤਲਬ ਕਥਨ ਡਾ. ਗ੍ਰੀਅਰਸਨ ਦਾ ਹੈ। ਇਹਨਾਂ ਨੇ ਆਪਣੇ ਗ੍ਰੰਥ ਵਿਚ ਇਸ ਨੂੰ ਬਾਂਗਰੂ 'ਲਿੰਗੁਇਸਟਕ ਸਰਵੇ ਆਫ਼ ਇੰਡੀਆ' ਵਿਚ ਇਸ ਨੂੰ ਬਾਂਗਰੂ ਕਿਹਾ ਹੈ। ਇਸ ਤੋਂ ਇਲਾਵਾ ਉਹਨਾਂ ਦੁਆਰਾ ਇਸ ਦੇ ਨਾਂ ਹਰਿਆਣਵੀ, ਜਾਟੂ, ਦੇਸੜੀ, ਚਮਰਾਵਾ ਆਦਿ ਵੀ ਦੱਸੇ ਹਨ। ਇਸ ਦੀ ਬੋਲੀ ਦੇ ਵੱਖ-ਵੱਖ ਨਾ ਹੋਣ ਕਾਰਨ ਇਸ ਖਿੱਤੇ ਦੇ ਵਿਭਿੰਨ ਖੇਤਰ ਅਤੇ ਜਾਤੀਆਂ ਹਨ।

ਵਿਦਵਾਨਾਂ ਦੁਆਰਾ ਬਾਂਗਰ ਪ੍ਰਦੇਸ਼ ਦੇ ਅਰਥ ਇਸ ਪ੍ਰਕਾਰ ਕੀਤੇ ਗਏ ਹਨ। ਮਹਾਨ ਕੋਸ਼ ਅਨੁਸਾਰ:-

"ਨਦੀ ਕਿਨਾਰੇ ਦੀ ਉਹ ਉੱਚੀ ਜ਼ਮੀਨ ਜਿਸ ਪੁਰ ਪਾਣੀ ਨਾ ਫਿਰ ਸਕੇ"

ਜਾਂ

"ਨਦੀਆਂ ਕਰਕੇ ਘਿਰਿਆ ਹੋਇਆ ਦੇਸ਼"

ਜਾਂ

"ਕੈਂਥਲ ਕਰਨਾਲ ਦੇ ਆਸ ਪਾਸ ਦਾ ਇਲਾਕਾ"[1]

**ਸ਼ਿਵ ਕੁਮਾਰ ਖੰਡੇਵਾਲ ਅਨੁਸਾਰ:-**

"ਬਾਂਗਰ ਉਸ ਭੂਮੀ ਨੂੰ ਕਿਹਾ ਜਾਂਦਾ ਹੈ ਜਿਹੜੀ ਸਮਤਲ, ਰੇਤਲੀ ਅਤੇ ਖ਼ੁਸ਼ਕ ਹੋਵੇ ਅਤੇ ਉੱਥੇ ਬੋਲੀ ਜਾਣ ਵਾਲੀ ਬੋਲੀ ਨੂੰ ਬਾਂਗਰੂ ਕਿਹਾ ਜਾਂਦਾ ਹੈ। ਹਰਿਆਣਾ ਵਿਚ ਅਜੀਹੀ [ਅਜਿਹੀ] ਭੂਮੀ ਮੁੱਖ ਰੂਪ ਵਿਚ ਸੋਨੀਪਤ, ਰੋਹਤਕ, ਭਿਵਾਨੀ, ਹਿਸਾਰ, ਜੀਂਦ, ਕਰੁਕਸ਼ੇਤਰ ਦੇ ਦੱਖਣੀ ਭਾਗ ਜ਼ਿਲ੍ਹੇ ਦੇ ਅੰਤਰਗਤ ਆਉਂਦੀ ਹੈ।"[2]

**ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼ (ਸਕੂਲ ਪੱਧਰ) ਅਨੁਸਾਰ:-**

"ਬਾਂਗਰ (ਨਾਂਪੁ) ਉਹ ਇਲਾਕਾ ਜਿੱਥੇ ਨਦੀ ਨਾਲੇ ਜਾਂ ਹੜ੍ਹ ਦਾ ਪਾਣੀ ਮਾਰ ਨਾ ਸਕੇ।"[3]

**ਡਾ. ਗ੍ਰੀਅਰਸਨ ਅਨੁਸਾਰ:-**

"ਬਾਂਗਰ ਉਹ ਭੂਮੀ ਹੈ ਜਿਹੜੀ ਕਠੋਰ ਅਤੇ ਅਣਉਪਜਾਊ ਹੈ। ਜਿਸ ਵਿਚ ਨਾ ਤਾਂ ਨਹਿਰਾਂ ਨਾਲ ਸਿੰਚਾਈ ਹੁੰਦੀ ਹੈ ਅਤੇ ਨਾ ਹੀ ਖੂਹਾਂ ਨਾਲ। ਉਹ ਪੂਰਨ ਰੂਪ ਵਿਚ ਮੀਂਹ ਉੱਤੇ ਹੀ ਨਿਰਭਰ ਕਰਦੀ ਹੈ।"[4]

**ਡਾ. ਸਾਧੂ ਰਾਮ ਸ਼ਾਰਦਾ ਅਨੁਸਾਰ:-**

"ਖਾਦਰ ਇਲਾਕੇ ਦੇ ਪੱਛਮ ਵਾਲੇ ਪਾਸੇ ਉੱਚਾ ਅਤੇ ਖ਼ੁਸ਼ਕ ਖੇਤਰ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਬਾਂਗਰ ਕਹਿੰਦੇ ਹਨ।"[5]

**ਐਸ ਕ੍ਰਿਸ਼ਨ ਅਤੇ ਨੀਰਾ ਸ਼ਰਮਾ ਅਨੁਸਾਰ:-**

"ਘੱਗਰ ਅਤੇ ਜਮੁਨਾ ਦਰਿਆ ਦੇ ਵਿਚਕਾਰ ਵਾਲੇ ਇਲਾਕੇ ਨੂੰ ਬਾਂਗਰ ਆਖਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਨੂੰ ਰੇਹ ਜਾਂ ਕੱਲਰ ਭੂਮੀ ਵੀ ਕਿਹਾ ਜਾਂਦਾ ਹੈ। ਅਜਿਹੀ ਭੂਮੀ ਹਰਿਆਣਾ ਪ੍ਰਾਂਤ ਦੇ ਇਲਾਕੇ ਜਿਵੇਂ:- ਜੀਂਦ, ਕੈਂਥਲ, ਨਰਵਾਣਾ, ਰੋਹਤਕ, ਭਵਾਨੀ ਅਤੇ ਕਰਨਾਲ ਦੇ ਆਸ ਪਾਸ ਮਿਲਦੀ ਹੈ।"[6]

ਉਪਰੋਕਤ ਵਿਦਵਾਨਾਂ ਦੇ ਮਤ ਅਨੁਸਾਰ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਹਰਿਆਣਾ ਦੇ ਵਿਚਕਾਰ ਉਸ ਉੱਚੇ ਮੈਦਾਨੀ ਭਾਗ ਜਿਸ ਵਿਚ ਹੜ੍ਹ ਨਹੀਂ ਆ ਸਕਦਾ ਉਸ ਨੂੰ ਬਾਂਗਰ ਦਾ ਖੇਤਰ ਆਖਿਆ ਜਾਂਦਾ ਹੈ। ਹਰਿਆਣਾ ਖੇਤਰ ਵਿਚ ਬਾਂਗਰ ਘੱਗਰ ਅਤੇ ਜਮਨਾ ਦਰਿਆਵਾਂ ਦੇ ਵਿਚਕਾਰ ਪੁਰਾਣੀ ਜਲੌਢ ਮਿੱਟੀ (ਨਦੀਆਂ ਦੁਆਰਾ ਲਿਆਂਦੀ ਗਈ ਮਿੱਟੀ) ਨਾਲ ਬਣਿਆ ਉੱਚ ਭੂਮੀ ਵਾਲਾ ਮੈਦਾਨ ਹੈ, ਜਿਸ ਦੀ ਚੌੜਾਈ 8 ਤੋਂ 16 ਕਿ. ਮੀ. ਤੱਕ ਹੈ। ਇਹ ਅਜਿਹਾ ਉੱਚ ਭੂਮੀ ਵਾਲਾ ਖਿੱਤਾ ਹੈ ਜਿਸ ਵਿਚ ਹੜ੍ਹ ਸਮੇਂ ਵੀ ਪਾਣੀ ਨਹੀਂ ਆ ਸਕਦਾ। ਇਸ ਦੀ ਮਿੱਟੀ ਵਿਚ ਕੰਕਰ ਅਤੇ ਚੂਨੇ ਦੀ ਮਾਤਰਾ ਅਧਿਕ ਹੋਣ ਕਾਰਨ ਇਸ ਨੂੰ ਅਣ-ਉਪਜਾਊ ਖਿੱਤਾ ਆਖਿਆ ਜਾਂਦਾ ਹੈ। ਆਧੁਨਿਕ ਸਮੇਂ ਵਿਚ ਸਿੰਚਾਈ ਦੀਆਂ ਨਵੀਆਂ-ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਇਸ ਨੂੰ ਉਪਜਾਊ ਖਿੱਤਾ ਬਣਾਇਆ ਜਾ ਰਿਹਾ ਹੈ। ਇਸ ਵਿਚ ਜੀਂਦ, ਨਰਵਾਣਾ ਤਹਿਸੀਲ, ਹਿਸਾਰ, ਚੀਕਾ, ਕੈਂਥਲ, ਕਰਨਾਲ, ਰੋਹਤਕ, ਭਵਾਨੀ, ਮਹਿੰਦਰਗੜ੍ਹ ਦੇ ਇਲਾਕੇ ਸ਼ਾਮਿਲ ਹਨ।

### 1.1 ਵਿਆਹ ਨਾਲ ਸਬੰਧਿਤ ਲੋਕਗੀਤ: ਥੀਮਕ ਪਾਸਾਰ ਅਤੇ ਸਭਿਆਚਾਰਕ ਸਾਰਥਕਤਾ

ਬਾਂਗਰੂ ਸਭਿਆਚਾਰ ਵਿਚ ਵਿਆਹ ਵੇਲੇ ਗਾਏ ਜਾਣ ਵਾਲੇ ਗੀਤਾਂ ਦਾ ਆਰੰਭ ਟੇਵਾ ਭੇਜਣ ਦੀ ਰਸਮ ਤੋਂ ਬਾਅਦ ਕੀਤਾ ਜਾਂਦਾ ਹੈ। ਟੇਵਾ ਭੇਜਣ ਤੋਂ ਬਾਅਦ ਕੁੜੀ ਦੇ ਘਰ ਹਰ ਰੋਜ਼ ਸ਼ਾਮ ਨੂੰ ਭਾਈਚਾਰੇ ਦੀਆਂ ਔਰਤਾਂ ਵੱਲੋਂ ਸਾਜੋੜੀ, ਸੁਹਾਗ ਅਤੇ ਜਕੜੀਆਂ ਗਾਉਣ ਦਾ ਸਿਲਸਿਲਾ ਆਰੰਭ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਮੁੰਡੇ ਦੇ ਘਰ ਲੋਕਗੀਤਾਂ ਨੂੰ ਗਾਇਨ ਦਾ ਆਰੰਭ ਟੇਵਾ ਆਉਣ ਤੋਂ ਬਾਅਦ ਸਾਜੋੜੀ, ਘੋੜੀਆਂ ਅਤੇ ਜਕੜੀਆਂ ਰਾਹੀਂ ਭਾਈਚਾਰੇ ਦੀਆਂ ਔਰਤਾਂ ਵੱਲੋਂ ਸਮੂਹਿਕ ਰੂਪ ਵਿਚ ਵਿਆਹ ਵਾਲੇ ਦਿਨ ਤੱਕ ਕੀਤਾ ਜਾਂਦਾ ਹੈ। ਸਿੱਠਣੀਆਂ ਅਤੇ ਛੰਨ (ਛੰਦ) ਪਰਾਗਿਆਂ ਦਾ ਗਾਇਨ ਵੀ ਕੀਤਾ ਜਾਂਦਾ ਹੈ। ਬਾਂਗਰੂ ਸਭਿਆਚਾਰ ਵਿਚ ਕੁੜੀ ਅਤੇ ਮੁੰਡੇ ਦੇ ਵਿਆਹ ਤੋਂ ਪਹਿਲਾਂ ਗਾਏ ਜਾਣ ਵਾਲੇ ਲੋਕ ਗੀਤਾਂ ਦਾ ਆਰੰਭ ਮਲਵਈ ਸਭਿਆਚਾਰ ਵਾਂਗ ਸਾਹੇ ਚਿੱਠੀ ਆਉਣ ਤੋਂ ਬਾਅਦ ਨਹੀਂ। ਸਗੋਂ ਵਿਆਹ ਵਿਚ ਕੀਤੀ ਜਾਣ ਵਾਲੀ ਟੇਵੇ ਦੀ ਰਸਮ ਤੋਂ ਬਾਅਦ ਹੁੰਦਾ ਹੈ। ਬਾਂਗਰ ਵਿਚ ਕੁੜੀ ਦੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਸੁਹਾਗ, ਲਾਡੋ ਜਾਂ ਬੰਨੀ ਬੰਨੜੀ ਆਦਿ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਇਸੇ ਤਰ੍ਹਾਂ ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ਕ੍ਰਮਵਾਰ ਬੰਨੜੇ ਗੋੜੀਆਂ (ਘੋੜੀਆਂ) ਬੰਨਾ ਆਦਿ ਆਖਿਆ ਜਾਂਦਾ ਹੈ। ਇਸ ਤੋਂ ਇਲਾਵਾ ਬਾਂਗਰੂ ਵਿਆਹ ਵਿਚ ਸਿੱਠਣੀਆਂ ਜਿਸ ਨੂੰ ਦੋਹੇ ਜਾਂ ਡਾਟ ਵੀ ਆਖਿਆ ਜਾਂਦਾ ਹੈ। ਉਹਨਾਂ ਦਾ ਉਚਾਰਨ ਵੀ ਕੀਤਾ ਜਾਂਦਾ ਹੈ। ਲਾੜੇ ਦੀ ਮਾਨਸਿਕ ਸੂਝ ਨੂੰ ਪਰਖਣ ਲਈ ਛੰਦ ਪਪੀਹੇ ਲੋਕ ਕਾਵਿ ਦਾ ਉਚਾਰਨ ਵੀ ਕੀਤਾ ਜਾਂਦਾ ਹੈ।

**ਸਾਜੋੜੀ:-**

ਬਾਂਗਰੂ ਸਭਿਆਚਾਰ ਵਿਚ ਮੁੰਡੇ ਅਤੇ ਕੁੜੀ ਦੇ ਘਰ ਗੌਣ ਬੈਠਕਾਂ ਦਾ ਆਰੰਭ ਹਰ ਰੋਜ਼ ਪਹਿਲਾਂ ਸਾਜੋੜੀ ਗਾ ਕੇ ਕੀਤਾ ਜਾਂਦਾ ਹੈ। ਬਾਂਗਰ ਵਿਚ ਗਾਇਨ ਬੈਠਕਾ ਤੋਂ ਪਹਿਲਾਂ ਵੀ ਸਾਜੋੜੀ ਗਾਉਣ ਦੀ ਰਸਮ ਨਿਭਾਈ ਜਾਂਦੀ ਹੈ। ਬਾਂਗਰ ਵਿਚ ਸਾਜੋੜੀ ਗਾਉਣ ਦੀ ਰਸਮ ਉਸ ਸਮੇਂ ਵੀ ਕੀਤੀ ਜਾਂਦੀ ਹੈ ਜਦੋਂ ਭਾਈਚਾਰੇ ਦੀਆਂ ਔਰਤਾਂ ਵੱਲੋਂ ਬੰਨ੍ਹ ਦੀ ਰਸਮ ਲਈ ਆਪਣੇ ਘਰ ਕੁੜੀ ਅਤੇ ਮੁੰਡੇ ਨੂੰ ਆਪਣੇ ਘਰ ਲਿਜਾਇਆ ਜਾਂਦਾ ਹੈ। ਰੂਪਕ ਦ੍ਰਿਸ਼ਟੀ ਤੋਂ ਸਾਜੋੜੀ ਨੂੰ ਵਿਆਹ ਦੇ ਗੌਣ ਆਰੰਭ ਕਾਰਨ ਤੋਂ ਪਹਿਲਾਂ ਮਹਿਮਾ ਗੀਤ ਵਜੋਂ ਗਾਇਆ ਜਾਂਦਾ ਹੈ। ਇਸ ਵਿਚ ਮੁੰਡੇ ਅਤੇ ਕੁੜੀ ਦੀ ਮਹਿਮਾ ਗਾਉਣ ਦੇ ਨਾਲ-ਨਾਲ ਇਹਨਾਂ ਨੂੰ ਨਜ਼ਰ-ਟਪਾਰ ਤੋਂ ਬਚਾਉਣ ਲਈ ਕੀਤੀ ਜਾਣ ਵਾਲੀ ਆਰਤੇ ਦੀ ਰਸਮ ਦੇ ਵਿਧੀ ਵਿਧਾਨ ਬਾਰੇ ਵੀ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਸਾਜੋੜੀ ਵਿਚ ਜਾਲਾ ਜਗਾਲਣ ਦੀ ਰਸਮ ਦਾ ਵੀ ਜ਼ਿਕਰ

ਕੀਤਾ ਗਿਆ ਹੈ। ਸਾਜੋੜੀ ਰਾਹੀਂ ਵਿਆਹੇ ਜਾਣ ਵਾਲੇ ਮੁੰਡੇ ਅਤੇ ਕੁੜੀ ਨੂੰ ਬਜ਼ੁਰਗ ਵਿਅਕਤੀਆਂ ਵੱਲੋਂ ਸ਼ਿਸ਼ਟਾਚਾਰਕ ਗੁਣ ਵੀ ਸਿਖਾਏ ਜਾਂਦੇ ਹਨ:-

ਚਲੋ ਸਾਜੋੜੀ
ਰਾਮ ਚੰਦ ਗਰ ਚਾਲੋ
ਬਾਲਕ ਜੁਲੇ ਏ ਬੇਨਰੋ ਪਾਲਣੇ
ਏਕ ਬਲ-ਬਲ ਰੈਅ (ਆਰਤੇ ਦੀ ਰਸਮ ਦਾ ਜ਼ਿਕਰ)
ਜਲ ਜੋਤ ਸਵਾਈ
ਡਲ਼-ਡਲ਼ ਤੇਲ ਜਮਾਨੀਆਂ (ਜਾਲਾ ਜਗਾਲਣ ਦੀ ਰਸਮ ਦਾ ਜ਼ਿਕਰ)
ਏਕ ਛੋਟੇ ਬੜੇ ਦੀ ਥਮ
ਕਾਨਜ਼ (ਇਜ਼ਤ) ਕਰੈਓ
ਖਾਟ (ਮੰਜਾ) ਉਤਰ ਪੀੜੇ (ਪੀਹੜੀ) ਬੈਠਿਓ

ਰੂਪਕ ਦ੍ਰਿਸ਼ਟੀ ਤੋਂ ਸਾਜੋੜੀ ਬੰਦ ਕਾਵਿ ਰੂਪਾਂ ਦੀ ਸ਼੍ਰੇਣੀ ਅਧੀਨ ਆਉਣ ਵਾਲਾ ਗੀਤ ਹੈ, ਕਿਉਂਕਿ ਇਸ ਵਿਚ ਪੁਨਰ ਸਿਰਜਨ ਦੀ ਪ੍ਰਕਿਰਿਆਂ ਨਾ ਮਾਤਰ ਹੈ। ਇਸ ਨੂੰ ਬਾਂਗਰੂ ਸਭਿਆਚਾਰ ਵਿਚ ਪੁਰਾਤਨ ਸਮੇਂ ਤੋਂ ਇਸੇ ਰੂਪ ਵਿਚ ਗਾਇਆ ਜਾ ਰਿਹਾ ਹੈ। ਸਾਜੋੜੀ ਔਰਤਾਂ ਦੁਆਰਾ ਸਿਰਜਿਆ ਗਿਆ ਵਿਆਹ ਨਾਲ ਸਬੰਧਿਤ ਬੰਨ੍ਹ ਦੀ ਰਸਮ ਅਤੇ ਗੌਣ ਬੈਠਕਾਂ ਦੇ ਆਰੰਭ ਤੋਂ ਪਹਿਲਾਂ ਗਾਇਨ ਕੀਤਾ ਜਾਣ ਵਾਲਾ ਛੋਟਾ ਗੀਤ ਹੈ।

**ਲਾਡੋ (ਸੁਹਾਗ)**

ਕੁੜੀ ਦੇ ਘਰ ਟੇਵਾ ਭੇਜਣ ਤੋਂ ਬਾਅਦ ਹਰ ਰੋਜ਼ ਸ਼ਾਮ ਨੂੰ ਭਾਈਚਾਰੇ ਦੀਆਂ ਔਰਤਾਂ ਵੱਲੋਂ ਲਾਡੋ ਗਾਉਣ ਦਾ ਸਿਲਸਿਲਾ ਆਰੰਭ ਹੋ ਜਾਂਦਾ ਹੈ। ਰੂਪਕ ਦ੍ਰਿਸ਼ਟੀ ਤੋਂ ਇਹਨਾਂ ਨੂੰ ਲਾਡੋ, ਸੁਹਾਗ, ਬੰਨੜੀ, ਬਾਨੀ ਆਦਿ ਨਾਵਾਂ ਨਾਲ ਬੁਲਾਇਆ ਜਾਂਦਾ ਹੈ। ਇਸ ਕਥਨ ਦੀ ਪੁਸ਼ਟੀ ਡਾ. ਸ਼ੰਕਰ ਲਾਲ ਯਾਦਵ ਇਸ ਤਰ੍ਹਾਂ ਕਰਦੇ ਹਨ:-

> "ਇਹਨਾਂ ਗੀਤਾਂ ਵਿਚ ਕੰਨਿਆ ਦੇ ਹਿਰਦੇ ਵਿਚ ਉਠਣ ਵਾਲੀਆਂ ਭਾਵਨਾਵਾਂ ਨੂੰ ਸ਼ਬਦਾਂ ਰਾਹੀਂ ਵਿਅਕਤ ਕੀਤਾ ਜਾਂਦਾ ਹੈ। ਇਹਨਾਂ ਗੀਤਾਂ ਨੂੰ 'ਸੁਹਾਗ' 'ਬੰਨੜੀ' 'ਬੰਨੀ' ਜਾਂ 'ਲਾਡੋ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਇਹਨਾਂ ਚਾਰਾਂ ਵਿਚੋਂ ਸੁਹਾਗ ਜਾਂ ਲਾਡੋ ਨਾਮ ਵਧੇਰੇ ਪ੍ਰਚਲਿਤ ਹੈ। ਇਹ ਗੀਤ ਕੰਨਿਆ ਵਾਲੇ ਪੱਖ ਤੋਂ ਗਾਏ ਜਾਣ ਵਾਲੇ ਗੀਤ ਹਨ।"[7]

ਇਸੇ ਤਰ੍ਹਾਂ ਡਾ. ਮੰਜੂ ਤੱਵਰ ਲਾਡੋ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਵਿਅਕਤੀ ਕਰਦੇ ਹਨ:-

> "ਕੰਨਿਆ ਦੇ ਘਰ ਵਿਚ ਗਾਏ ਜਾਣ ਵਾਲੇ ਮੰਗਲਮਈ ਲੋਕਗੀਤ ਬੰਨੀ, ਲਾਡੋ, ਬੰਨੜੀ, ਸੁਹਾਗ ਆਦਿ ਨਾਮਾਂ ਵਿਚ ਗਾਏ ਜਾਂਦੇ ਹਨ। ਜਿਸ ਵਿਚ ਉਸ ਨੂੰ ਲਾਡ-ਦੁਲਾਰ ਤੋਂ ਇਲਾਵਾ ਅਨੇਕਾ ਤਰ੍ਹਾਂ ਦੀ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ।"[8]

ਉਪਰੋਕਤ ਕਥਨਾਂ ਦੀ ਪੁਸ਼ਟੀ ਕਰਦੇ ਅਸੀਂ ਆਖ ਸਕਦੇ ਹਾਂ ਕਿ ਬਾਂਗਰੂ ਸਭਿਆਚਾਰ ਵਿਚ ਕੁੜੀ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਸੁਹਾਗ ਗੀਤਾਂ ਨੂੰ ਲਾਡੋ, ਬੰਨੜੀ, ਬੰਨੀ ਆਦਿ ਵੀ ਆਖਿਆ ਜਾਂਦਾ ਹੈ। ਇਹ ਸੁਹਾਗ ਗੀਤ ਵਿਆਹ ਵਾਲੀ ਬੰਨੀ ਨੂੰ ਮੁੱਖ ਰੱਖ ਕੇ ਗਾਏ ਜਾਂਦੇ ਹਨ ਇਹਨਾਂ ਗੀਤਾਂ ਵਿਚ ਬੰਨੀ ਦੀਆਂ ਆਪਣੇ ਹੋਣ ਵਾਲੇ ਪਤੀ, ਸਹੁਰਾ

ECONSPEAK: A Journal of Advances in Management IT & Social Sciences,
Vol. 12, Issue 08, August 2022 Impact Factor 8.059 ISSN: (2231-4571)
www.skirec.org Email Id: skirec.org@gmail.com

ਪਰਿਵਾਰ ਬਾਰੇ ਜੋ ਵੀ ਇਛਾਵਾਂ ਜਾਂ ਭਾਵਨਾਵਾਂ ਉਜਾਗਰ ਹੁੰਦੀਆਂ ਹਨ ਉਹਨਾਂ ਨੂੰ ਔਰਤਾਂ ਵੱਲੋਂ ਸਮੂਹਿਕ ਰੂਪ ਵਿਚ ਹਰ ਇਕ ਸਤਰ ਦੇ ਦੁਹਰਾਓ ਨਾਲ ਉਚਾਰਨ ਕੀਤਾ ਜਾਂਦਾ ਹੈ। ਬਾਂਗਰੂ ਸੁਹਾਗ ਗੀਤਾਂ ਵਿਚ ਬੰਨੜੋ ਵੱਲੋਂ ਬੰਨੀ ਨੂੰ ਵਿਆਹੁਣ ਆਉਣ ਦਾ ਦ੍ਰਿਸ਼, ਉਹਨਾਂ ਦੀ ਸੇਵਾ ਵਿਚ ਖੜੇ ਵੀਰ ਤੇ ਬਾਬਲ ਦਾ ਜ਼ਿਕਰ। ਕੁੜੀ ਨੂੰ ਸਦਾ ਸੁਹਾਗਣ ਰਹਿਣ ਦੀ ਅਸੀਸ ਅਤੇ ਉਸ ਦੇ ਸੁਹਾਗ ਨੂੰ ਇਕ ਆਦਰਸ਼ ਪਾਤਰ ਵਜੋਂ ਚਿਤਰ ਕੇ ਪੇਸ਼ ਕੀਤਾ ਗਿਆ ਹੈ।

ਬਾਂਗਰੂ ਸਭਿਆਚਾਰ ਵਿਚ ਗਾਏ ਜਾਣ ਵਾਲੇ ਸੁਹਾਗ ਗੀਤਾਂ ਨੂੰ ਔਰਤਾਂ ਵੱਲੋਂ ਕੇਵਲ ਰਾਤ ਦੀਆਂ ਗੌਣ ਬੈਠਕਾਂ ਵਿਚ ਹੀ ਨਹੀਂ ਸਗੋਂ ਵਿਆਹ ਦੇ ਹੋਰਨਾਂ ਮੌਕਿਆਂ ਉੱਪਰ ਵੀ ਗਾਇਆ ਜਾਂਦਾ ਹੈ ਜਿਵੇਂ:-

- ਟੇਵਾ ਲਿਖਣ ਸਮੇਂ
- ਰਾਤ ਦੀਆਂ ਗੌਣ ਬੈਠਕਾਂ ਵਿਚ ਸਾਜੋੜੀ ਗਾਉਣ ਉਪਰੰਤ
- ਵਿਆਹ ਦੀ ਤਿਆਰੀ ਦੇ ਕਾਰਜਾਂ ਜਿਵੇ ਹਲ਼ਦਾਤ ਦੀ ਰਸਮ ਸਮੇਂ, ਚੂਨ ਪੀਸਣ ਦੀ ਰਸਮ ਸਮੇਂ, ਸਤਨਾਲਾ ਰੰਗਣ ਦੀ ਰਸਮ ਸਮੇਂ
- ਤੇਲ ਚੜ੍ਹਾਉਣ ਦੀ ਰਸਮ ਸਮੇਂ
- ਗਿਉ ਆਂਗਲ ਦੀ ਰਸਮ ਸਮੇਂ
- ਜਾਲਾ ਜਗਾਲਣ ਦੀ ਰਸਮ ਸਮੇਂ
- ਮੁਟਨੇ ਦੀ ਰਸਮ ਸਮੇਂ
- ਆਰਤੇ ਦੀ ਰਸਮ ਸਮੇਂ
- ਭਾਈਚਾਰੇ ਵਿਚ ਬੰਨ੍ਹ ਲਗਾਉਣ ਦੀ ਰਸਮ ਸਮੇਂ, ਮੰਹਿਦੀ ਦੀ ਰਸਮ ਸਮੇਂ, ਤੇਲ ਚੜ੍ਹਾਉਣ ਦੀ ਰਮਸ ਸਮੇਂ
- ਬਾਤੀਆਂ ਦੀ ਆਮਦ ਸਮੇਂ
- ਮਾਂਡੇ ਦੀ ਰਸਮ ਸਮੇਂ
- ਲਾਡੋ ਨੂੰ ਗਾਨਾ ਬੰਨ੍ਹਣ ਸਮੇਂ
- ਨਹਾਈ ਧੋਈ ਦੀ ਰਸਮ ਸਮੇਂ
- ਲਾਡੋ ਦੀ ਤਿਆਰੀ ਸਮੇਂ
- ਲਾਵਾਂ ਫੇਰਿਆਂ ਸਮੇਂ
- ਲਾਡੋ ਦੀ ਵਿਦਾਇਗੀ ਸਮੇਂ

ਕੁੜੀ ਦੇ ਵਿਆਹ ਸਮੇਂ ਉਪਰੋਕਤ ਗਾਇਨ ਸੰਦਰਭ ਵਿਚੋਂ ਫੇਰਿਆਂ ਅਤੇ ਮਾਂਡੇ ਦੀ ਰਸਮ ਵੇਲੇ ਗਾਏ ਜਾਣ ਵਾਲੇ ਗੀਤ ਧਾਰਮਿਕ ਭਾਵਨਾਂ ਨਾਲ ਭਰਪੂਰ ਸ਼ਰਧਾਮਈ ਗੀਤ ਹੁੰਦੇ ਹਨ। ਕੁੜੀ ਦੇ ਵਿਆਹ ਵੇਲੇ ਇਹਨਾਂ ਗੀਤਾਂ ਦਾ ਕਿਰਿਆਤਮਕ ਮਹੱਤਵ ਹੁੰਦਾ ਹੈ। ਉਹਨਾਂ ਨੂੰ 'ਰਸਮਿਕ ਲਾਡੋ' ਦਾ ਨਾਂ ਦਿੱਤਾ ਜਾ ਸਕਦਾ ਹੈ।

**ਬੰਨੜੇ (ਘੋੜੀਆਂ):-**

ਮੁੰਡੇ ਦੇ ਵਿਆਹ ਸਮੇਂ ਟੇਵਾ ਆਉਣ ਤੋਂ ਬਾਅਦ ਰਾਤ ਨੂੰ ਭਾਈਚਾਰੇ ਦੀਆਂ ਔਰਤਾਂ ਦੀ ਸ਼ਮੂਲੀਅਤ ਵਿਚ ਜੇਤੂ ਅਹਿਸਾਸ ਵਾਲੇ ਗੀਤਾਂ ਨੂੰ ਬੰਨੜੇ ਆਖਿਆ ਜਾਂਦਾ ਹੈ। ਬਾਂਗਰ ਵਿਚ ਘੋੜੀਆਂ ਨੂੰ ਬੰਨੜੇ, ਬੰਨਾ ਜਾਂ ਲਾੜਾ ਆਦਿ ਨਾਵਾਂ

ਨਾਲ ਵੀ ਬੁਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮੁੰਡੇ ਦੇ ਵਿਆਹ ਦੀ ਖੁਸ਼ੀ ਦੇ ਸੰਦਰਭ ਵਿਚ ਉਸ ਦੇ ਬਚਪਨ ਤੋਂ ਜਵਾਨੀ ਤੱਕ ਦੇ ਜੀਵਨ ਸਫ਼ਰ ਨੂੰ ਰਿਸ਼ਤੇ ਨਾਤਿਆਂ ਅਤੇ ਪਰਿਵਾਰ ਦੀਆਂ ਖੁਸ਼ੀਆਂ ਦੇ ਪ੍ਰਸੰਗ ਨਾਲ ਜੋੜ ਕੇ ਔਰਤਾਂ ਦੁਆਰਾ ਸਮੂਹਿਕ ਗਾਇਨ ਦੀ ਵਿਧੀ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਵਿਦਵਾਨਾਂ ਅਨੁਸਾਰ ਬੰਨੜੇ ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਗਏ ਹਨ। ਡਾ. ਸ਼ੰਕਰ ਲਾਲ ਯਾਦਵ ਅਨੁਸਾਰ:

> "ਵਰ ਪੱਖ ਵਾਲੇ ਪਾਸੇ ਜੋ ਗੀਤ ਗਾਏ ਜਾਂਦੇ ਹਨ ਉਹਨਾਂ ਨੂੰ ਘੋੜੀ, ਬੰਨਾ, ਬੰਨੜਾ ਜਾਂ ਲਾੜਾ ਦੇ ਨਾਮ ਨਾਲ ਵਿਅਕਤ ਕੀਤਾ ਜਾਂਦਾ ਹੈ"[9]

ਇਸੇ ਤਰ੍ਹਾਂ ਡਾ. ਮੰਜੂ ਤੰਵਰ ਬੰਨੜੇ ਗੀਤ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ:

> "ਵਰ ਪੱਖ ਵਾਲੇ ਪਾਸੇ ਗਾਏ ਜਾਣ ਵਾਲੇ ਗੀਤ ਬੰਨਾ, ਬੰਨੜਾ, ਘੋੜੀ ਕਹਿਉਂਦੇ ਹਨ। ਇਹਨਾਂ ਵਿਚ ਬੰਨੜੇ ਦੀ ਪੋਸ਼ਾਕ, ਗਹਿਣੇ, ਬੰਨੜੇ ਦਾ ਸਾਰੇ ਵੱਡਿਆ ਨੂੰ ਪਿਆਰੇ ਹੋਣਾ, ਸਾਰਿਆ ਦਾ ਆਸ਼ੀਰਵਾਦ, ਦੁਲਹਨ ਲਈ ਲਾੜੇ ਦੀ ਉਤਸੁਕਤਾ ਅਤੇ ਘੋੜੀ ਚੜ੍ਹਨ ਦੇ ਗੀਤ ਪ੍ਰਮੁੱਖ ਹਨ।"[10]

ਉਪਰੋਕਤ ਪਰਿਭਾਸ਼ਾਵਾਂ ਤੋਂ ਬਾਅਦ ਆਖਿਆ ਜਾ ਸਕਦਾ ਹੈ ਕਿ ਬੰਨੜੇ ਮੁੰਡੇ ਦੇ ਵਿਆਹ ਸਮੇਂ ਜੇਤੂ ਅਹਿਸਾਸ ਵਾਲੇ ਗੀਤ ਹਨ। ਜਿਨ੍ਹਾਂ ਵਿਚ ਲਾੜੇ ਦੀ ਪ੍ਰਸੰਸਾ ਕਰਨ ਦੇ ਨਾਲ-ਨਾਲ ਬਜ਼ੁਰਗ ਵਿਅਕਤੀਆਂ ਵੱਲੋਂ ਸ਼ਿਸਟਾਚਾਰ ਗੁਣ ਵੀ ਸਿਖਾਏ ਜਾਂਦੇ ਹਨ।

ਰੂਪਕ ਦ੍ਰਿਸ਼ਟੀ ਤੋਂ ਬੰਨੜੇ ਵੀ ਸੁਹਾਗ ਗੀਤਾਂ ਵਾਂਗ ਬੰਦ ਰੂਪ ਸ੍ਰਣੀ ਨਾਲ ਸਬੰਧਿਤ ਗੀਤ ਹਨ। ਬਾਂਗਰ ਵਿਚ ਇਹਨਾਂ ਗੀਤਾਂ ਦਾ ਉਚਾਰਨ ਸਮੂਹ ਵੱਲੋਂ ਸਮੂਹਿਕ ਤੌਰ ਤੇ ਹਰ ਲਾਇਨ ਦੇ ਦੁਹਰਾਓ ਨਾਲ ਬਿਨਾਂ ਕਿਸੇ ਹੇਕ ਦੇ ਕੀਤਾ ਜਾਂਦਾ ਹੈ। ਇਹਨਾਂ ਗੀਤਾਂ ਨੂੰ ਬਾਂਗਰ ਵਿਚ ਗੋੜੀਆਂ (ਘੋੜੀਆਂ) ਵੀ ਆਖਿਆ ਜਾਂਦਾ ਹੈ ਕਿਉਂਕਿ ਬਹੁਤੇ ਬੰਨੜਿਆ ਨੂੰ ਉਚਾਰਨ ਦਾ ਕਾਰਜ ਬੰਨੜੇ ਨੂੰ ਘੋੜੀ ਚੜ੍ਹਾਉਣ ਦੀ ਰਸਮ ਅਤੇ ਘੋੜੀ ਫੇਰਨ ਸਮੇਂ ਕੀਤਾ ਜਾਂਦਾ ਹੈ। ਘੋੜੀ ਫੇਰਨ ਦੀ ਰਸਮ ਸਮੇਂ ਘੋੜੀਆਂ ਦੇ ਉਚਾਰਨ ਬਾਰੇ ਵਿਦਵਾਨ ਇਸ ਪ੍ਰਕਾਰ ਆਪਣੇ ਵਿਚਾਰ ਪੇਸ਼ ਕਰਦੇ ਹਨ। ਭਾਈ ਕਾਨ੍ਹ ਸਿੰਘ ਅਨੁਸਾਰ:-

> "ਵਿਆਹ ਸੰਸਕਾਰ ਤੋਂ ਪਹਿਲਾਂ ਲਾੜੇ ਨੂੰ ਘੋੜੀ ਪੁਰ ਸਵਾਰ ਕਰਕੇ ਲਾੜੀ ਦੇ ਘਰ ਲੈ ਜਾਂਦੇ ਹਨ। ਇਸ ਦਾ ਨਾਉਂ ਘੋੜੀ ਦੀ ਰਸਮ ਹੈ। ਉਸ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਦੀ ਸੰਗਿਆ ਘੋੜੀਆਂ ਹੈ।"[11]

ਡਾ. ਅਬਨਾਸ਼ ਕੌਰ ਅਨੁਸਾਰ:-

> "ਵਿਆਹ ਦੇ ਮੌਕੇ ਜੰਞ ਤੁਰਨ ਵੇਲੇ ਲਾੜੇ ਨੂੰ ਘੋੜੀ ਉੱਤੇ ਚੜ੍ਹਾਇਆ ਜਾਂਦਾ ਹੈ ਉਦੋਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਘੋੜੀ ਚੜ੍ਹਨ ਦੀ ਰਸਮ ਨਾਲ ਸਬੰਧਿਤ ਹੋਣ ਕਰਦੇ ਘੋੜੀਆਂ ਕਿਹਾ ਜਾਂਦਾ ਹੈ।"[12]

ਸੁਹਿੰਦਰ ਸਿੰਘ ਵਣਜਾਰਾ ਬੇਦੀ ਘੋੜੀਆਂ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ:-

> "ਉਹ ਗੀਤ ਜੋ ਤੀਵੀਆਂ ਲਾੜ੍ਹੇ ਦੇ ਘੋੜੀ ਚੜ੍ਹਨ ਵੇਲੇ ਗਾਉਂਦੀਆਂ ਹਨ। ਇਨ੍ਹਾਂ ਮੰਗਲ-ਗੀਤਾਂ ਨੂੰ 'ਘੋੜੀਆਂ' ਵੀ ਕਿਹਾ ਜਾਂਦਾ ਹੈ।"[13]

ਉਪਰੋਕਤ ਪਰਿਭਾਸ਼ਾਵਾਂ ਤੋਂ ਬਾਅਦ ਆਖਿਆ ਜਾ ਸਕਦਾ ਹੈ ਕਿ ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਬੰਨੜੇ ਗੀਤਾਂ ਨੂੰ ਘੋੜੀ ਇਸ ਲਈ ਆਖਿਆ ਜਾਂਦਾ ਹੈ ਕਿਉਂਕਿ ਘੋੜੀ ਵਿਆਹ ਦੀ ਇਕ ਰਸਮ ਦਾ ਨਾਂ ਵੀ ਹੈ। ਬਾਂਗਰ ਵਿਚ ਮੁੰਡੇ ਨੂੰ ਘੋੜੀ ਉੱਪਰ ਬਿਠਾ ਕੇ ਕੈਸੜਾ ਫੇਰਨ ਦੀ ਰਸਮ ਨਿਭਾਈ ਜਾਂਦੀ ਹੈ।

ਬਾਂਗਰ ਵਿਚ ਬੰਨੜੇ ਗਾਉਣ ਦਾ ਸਿਲਸਿਲਾ ਕੇਵਲ ਰਾਤ ਦੀਆਂ ਗੌਣ ਬੈਠਕਾਂ ਵਿਚ ਨਹੀਂ ਸਗੋਂ ਮੁੰਡੇ ਦੇ ਘਰ ਵਿਆਹ ਸਮੇਂ ਕੀਤੀਆਂ ਜਾਣ ਵਾਲੀਆਂ ਰੀਤਾਂ-ਰਸਮਾਂ ਸਮੇਂ ਵੀ ਕੀਤਾ ਜਾਂਦਾ ਹੈ। ਜਿਹੜੇ-ਜਿਹੜੇ ਵਿਭਿੰਨ ਮੌਕਿਆਂ ਉੱਪਰ ਘੋੜੀਆਂ ਦਾ ਗਾਇਨ ਕੀਤਾ ਜਾਂਦਾ ਹੈ ਉਨ੍ਹਾਂ ਦੀ ਵਰਗਵੰਡ ਇਸ ਪ੍ਰਕਾਰ ਹੈ:-

- ਟੇਵਾ ਲੈਣ ਸਮੇਂ
- ਰਾਤ ਦੀਆਂ ਗੌਣ ਮਹਿਫਲਾਂ ਸਮੇਂ
- ਵਿਆਹ ਦੀ ਤਿਆਰੀ ਦੇ ਕੰਮਾਂ ਕਾਜਾਂ ਜਿਵੇਂ ਹਲ਼ਦਾਤ ਦੀ ਰਸਮ ਸਮੇਂ, ਚੂਨ ਪੀਸਣ ਸਮੇਂ, ਸਤਨਾਲਾ ਰੰਗਣ ਦੀ ਰਸਮ ਸਮੇਂ
- ਤੇਲ ਚੜ੍ਹਾਉਣ ਦੀ ਰਸਮ ਸਮੇਂ
- ਗਿਉ ਆਂਗਲ ਦੀ ਰਸਮ ਸਮੇਂ
- ਮੁਟਨੇ ਦੀ ਰਸਮ ਸਮੇਂ
- ਭਾਈਚਾਰੇ ਦੇ ਘਰਾਂ ਵਿਚ ਬੰਨ੍ਹ ਦੀ ਰਸਮ ਸਮੇਂ
- ਮਾਂਡੇ ਦੀ ਰਸਮ ਸਮੇਂ
- ਨਹਾਈ ਧੋਈ ਦੀ ਰਸਮ ਸਮੇਂ
- ਖੰਡਵਾ ਬੰਨ੍ਹਣ ਦੀ ਰਸਮ ਸਮੇਂ
- ਕੈਸੜਾ ਫੇਰਨ ਦੀ ਰਸਮ ਸਮੇਂ
- ਬਾਲ ਜੋਲਣ ਦੀ ਰਸਮ ਸਮੇਂ
- ਜਨੇਤ ਚੜ੍ਹਾਉਣ ਦੀ ਰਸਮ ਸਮੇਂ

ਬਾਂਗਰ ਵਿਚ ਮੁੰਡੇ ਦੇ ਵਿਆਹ ਸਮੇਂ ਘੋੜੀਆਂ ਉਚਾਰਨ ਦੇ ਮੌਕਿਆਂ ਵਿਚੋਂ ਮਾਂਡਾ ਬੰਨ੍ਹਣ ਅਤੇ ਕੈਸੜਾ ਫੇਰਨ ਸਮੇਂ ਗਾਈਆਂ ਜਾਣ ਵਾਲੀਆਂ ਘੋੜੀਆਂ ਦਾ ਪ੍ਰਕਾਰਜ ਲੋਕ ਇਸ਼ਟਾ ਅੱਗੇ ਸ਼ਰਧਾ ਭਾਵਨਾਂ ਵਾਲਾ ਹੁੰਦਾ ਹੈ। ਵਿਆਹ ਸਮੇਂ ਦੂਜੇ ਮੌਕਿਆਂ ਉੱਪਰ ਗਾਈਆਂ ਜਾਣ ਵਾਲੀਆਂ ਘੋੜੀਆਂ ਨੂੰ ਕਿਰਿਆਤਮਕ ਪੱਖੋਂ 'ਰਾਸਮਿਕ ਬੰਨੜੇ' ਦਾ ਨਾਂ ਦਿੱਤਾ ਜਾ ਸਕਦਾ ਹੈ।

**ਸਿੱਠਣੀ:-**

ਬਾਂਗਰ ਵਿਚ ਸਿੱਠਣੀ ਨੂੰ 'ਦੋਹੇ' ਜਾਂ 'ਡਾਟ' ਵੀ ਆਖਿਆ ਜਾਂਦਾ ਹੈ। ਸਿੱਠਣੀ ਵਿਆਹ ਸਮੇਂ ਔਰਤਾਂ ਵੱਲੋਂ ਉਚਾਰਿਆ ਜਾਣ ਵਾਲਾ ਅਜਿਹਾ ਗੀਤ ਹੈ ਜਿਸ ਵਿਚ ਦੂਜੀ ਧਿਰ ਨੂੰ ਹਰ ਪੱਖੋਂ, ਅਯੋਗ ਅਤੇ ਅਸ਼ਿਸ਼ਟ ਦੱਸ ਕੇ ਉਸ ਨੂੰ ਠਿੱਠ ਕੀਤਾ ਜਾਂਦਾ ਹੈ। ਸਿੱਠਣੀ ਗੀਤ-ਰੂਪ ਵਿਆਹ ਦੇ ਬਾਕੀ ਲੋਕਗੀਤਾਂ ਨਾਲੋਂ ਬਿਲਕੁਲ ਭਿੰਨ ਹੈ। ਵਿਆਹ ਸਮੇਂ ਗਾਏ ਜਾਣ ਵਾਲੇ ਦੂਜੇ ਲੋਕਗੀਤਾਂ ਵਿਚ ਵਕਤਾ ਤੇ ਸਰੋਤਾ ਉਹਨਾਂ ਗੀਤਾਂ ਅੰਦਰ ਭਾਵੁਕ ਸਾਂਝ ਕਾਰਨ ਆਨੰਦ ਮਾਣਦੇ ਹਨ। ਪਰੰਤੂ ਸਿੱਠਣੀ ਗੀਤ ਵਿਚ ਵਕਤਾ, ਸਰੋਤੇ ਨੂੰ ਵਿਅੰਗਮਈ ਸ਼ਬਦ ਬੋਲ ਕੇ ਸਵਾਦ ਲੈਂਦਾ ਹੈ ਜਦੋਂ ਕਿ ਸਰੋਤਾ ਆਪਣੇ ਆਪ ਨੂੰ ਠਿੱਠ ਜਾਂ ਪਰੇਸ਼ਾਨ ਮਹਿਸੂਸ ਕਰਦਾ ਹੈ। ਵਿਦਵਾਨਾਂ ਅਨੁਸਾਰ ਸਿੱਠਣੀ ਸ਼ਬਦ ਦੇ ਅਰਥ ਇਸ ਪ੍ਰਕਾਰ ਕੀਤੇ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

> "ਸਿੱਠਣੀ ਤੋਂ ਭਾਵ ਅਸ਼ਿਸ਼ਟ ਬਾਣੀ, ਗਾਲ ਤੇ ਵਿਅੰਗ ਨਾਲ ਕਹੀ ਹੋਈ ਬਾਣੀ ਹੈ। ਵਿਆਹ ਸਮੇਂ ਇਸਤਰੀਆਂ ਗਾਲੀਆਂ ਨਾਲ ਮਿਲਾ ਕੇ ਗੀਤ ਗਾਉਂਦੀਆਂ ਹਨ। ਉਹ ਹੀ ਸਿੱਠਣੀਆਂ ਦੀ ਸੰਗਿਆ ਹੈ।"[14]

ਭਾਈ ਗੁਰਦਿੱਤ ਸਿੰਘ ਅਨੁਸਾਰ :

> "ਸਿੱਠਣੀਆਂ ਵਿਚ ਕੰਨਿਆ ਪੱਖ ਦੀਆਂ ਤੀਵੀਆਂ ਵਰ ਪੱਖ ਦਾ ਮਜ਼ਾਕ ਉੱਡਾਉਂਦੀਆਂ, ਟਿਚਰਾਂ ਕਰਦੀਆਂ ਅਤੇ ਉਹਨਾਂ ਦੀਆਂ ਤਰੁਟੀਆਂ ਦੀ ਭੰਡੀ ਪਾਉਂਦੀਆਂ ਹਨ।"[15]

ਉਪਰੋਕਤ ਹਵਾਲਿਆਂ ਵਿਚ ਸਿੱਠਣੀ ਕਾਵਿ ਰੂਪ ਦੀ ਰੂਪ ਸੰਰਚਨਾ ਬਾਰੇ ਚਰਚਾ ਕੀਤੀ ਗਈ ਹੈ। ਸਿੱਠਣੀ ਤੋਂ ਭਾਵ ਬੋਲੀ ਜਾਣ ਵਾਲੀ ਅਸ਼ਿਸ਼ਟ ਬਾਣੀ ਹੈ। ਜਿਸ ਵਿਚ ਨਵੇਂ ਬਣਨ ਵਾਲੇ ਕੁੜਮਾਂ ਨੂੰ ਔਰਤਾਂ ਵੱਲੋਂ ਉਹਨਾਂ ਦੀ ਸ਼ਕਲ ਸੂਰਤ, ਆਰਥਿਕ ਹੈਸੀਅਤ ਉੱਤੇ ਵਿਅੰਗ ਕੱਸੇ ਜਾਂਦੇ ਹਨ।

ਸਿੱਠਣੀਆਂ ਵਿਆਂਦੜ ਕੁੜੀ ਅਤੇ ਮੁੰਡੇ ਦੇ ਘਰ ਇਕ ਧਿਰ ਵੱਲੋਂ ਦੂਜੀ ਧਿਰ ਨੂੰ ਠਿੱਠ ਕਰਨ ਲਈ ਦਿੱਤੀਆਂ ਜਾਂਦੀਆਂ ਹਨ। ਉਪਰੋਕਤ ਵਿਦਵਾਨਾਂ ਦੀਆਂ ਧਾਰਨਾਵਾਂ ਵਿਚ ਇਹ ਵੀ ਆਖਿਆ ਗਿਆ ਹੈ ਕਿ ਸਿੱਠਣੀਆਂ ਕੇਵਲ ਕੁੜੀ ਦੇ ਵਿਆਹ ਸਮੇਂ ਵਿਆਹ ਵਿਚ ਆਏ ਬਰਾਤੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਉਪਰੋਕਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਸਿੱਠਣੀਆਂ ਕੇਵਲ ਕੁੜੀ ਦੇ ਵਿਆਹ ਸਮੇਂ ਹੀ ਨਹੀਂ ਸਗੋਂ ਵਿਆਹ ਤੋਂ ਇਕ ਦਿਨ ਪਹਿਲਾਂ ਕੁੜੀ ਅਤੇ ਮੁੰਡੇ ਦੇ ਘਰ ਬਾਤੀਆਂ ਦੀ ਆਮਦ ਸਮੇਂ ਉਹਨਾਂ ਵੱਲੋਂ ਲਿਆਂਦੀ ਬਾਤ ਵਿਖਾਉਣ ਸਮੇਂ ਸਿੱਠਣੀਆਂ ਦਾ ਗਾਇਨ ਕੀਤਾ ਜਾਂਦਾ ਹੈ।

ਵਿਆਹ ਸਮੇਂ ਕੀਤੀਆਂ ਜਾਣ ਵਾਲੀਆਂ ਵਧੇਰੀਆਂ ਰੀਤਾਂ-ਰਸਮਾਂ ਨਾਲ ਕੋਈ ਨਾ ਕੋਈ ਲੋਕ ਵਿਸ਼ਵਾਸ ਜ਼ਰੂਰ ਜੁੜਿਆ ਹੋਇਆ ਹੈ ਜਿਵੇਂ ਵਿਆਂਦੜ ਲਾੜੇ ਅਤੇ ਲਾੜੀ ਦੀ ਨਹਾਈ ਧੋਈ ਸਮੇਂ ਉਹਨਾਂ ਉੱਪਰ ਫੁਲਕਾਰੀ ਤਾਣੀ ਜਾਂਦੀ ਹੈ ਇਸੇ ਤਰ੍ਹਾਂ ਸੁਰਮਾ ਪਾਉਣ ਨਾਲ, ਸਿਹਰਾ ਬੰਨ੍ਹਣ ਨਾਲ, ਕਲੀਰੇ ਪਾਉਣ ਨਾਲ, ਸੋਟ ਕਰਨਾ ਆਦਿ ਦਾ ਸਬੰਧ ਵਿਆਂਦੜ ਲਾੜਾ ਅਤੇ ਲਾੜੀ ਨੂੰ ਬੁਰੀ ਨਜ਼ਰ ਅਤੇ ਬਦਰੂਹਾਂ ਤੋਂ ਬਚਾਉਣਾ ਹੁੰਦਾ ਹੈ। ਇਸੇ ਤਰ੍ਹਾਂ ਜਨੇਤ ਦੇ ਢੁਗਾ ਦੇ ਸਮੇਂ ਵਿਆਂਦੜ ਲਾੜਾ ਜਦੋਂ ਲਾੜੀ ਵਾਲੇ ਘਰ ਪਹੁੰਚਦਾ ਹੈ ਤਾਂ ਕਿਸੇ ਬੁਰੀ ਨਜ਼ਰ ਤੋਂ ਬਚਾਉਣ ਲਈ ਉਸ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਨਾਹਰ ਸਿੰਘ ਅਨੁਸਾਰ:-

> "ਜਦੋਂ ਲਾੜਾ ਜਾਂਨੀਆਂ ਸਮੇਤ ਆਪਣੀ ਪੂਰੀ ਫੱਬਤ ਵਿਚ ਲਾੜੀ ਦੇ ਘਰ ਪੁੱਜਦਾ ਹੈ ਤਾਂ ਇਹ ਸਾਡੀਆਂ ਸਭਿਆਚਾਰਕ ਖੁਸ਼ੀਆਂ ਦੀ ਇੰਤਹਾ ਹੁੰਦੀ ਹੈ। ਕਿਸੇ ਬੁਰੀ ਨਜ਼ਰ ਤੋਂ ਬਚਾਉਣ ਲਈ ਸਿੱਠਣੀਆਂ ਦੁਆਰਾ ਉਸ ਨੂੰ ਕੋਹਜਾ, ਕੱਜ ਮਾਰਿਆ, ਗਏ ਗੁਜਰੇ ਖ਼ਾਨਦਾਨ ਦਾ, ਗੱਲ ਕੀ 'ਬੌਰੀਆ" ਤਕ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇੰਤਹਾ ਖੁਸ਼ੀ ਦੀ ਮੰਗਲਮਈ ਭਾਵਨਾ ਨੂੰ 'ਬੁਰੇ ਬੋਲਾਂ' ਦੁਆਰਾ ਖੰਡਤ ਕਰ ਕੇ ਇਸ ਖੁਸ਼ੀ ਵਿਚ ਵਿਘਨ ਪਾਇਆ ਜਾਂਦਾ ਹੈ-ਬੱਚੇ ਦੇ ਧੋਤੇ ਹੋਏ ਮੂੰਹ ਉੱਤੇ ਕਾਲਖ ਦਾ ਟਿੱਕਾ ਲਾਉਣ ਵਾਂਗ। ਇਸ ਮੌਕੇ ਉੱਤੇ ਲਾੜੇ ਦੀ ਜੋਬਨਵੰਤੀ ਦਿੱਖ ਅਤੇ ਖਾਨਦਾਨੀ ਅਣਖ ਅਤੇ ਸਾਨ ਉੱਤੇ ਕਾਲਖ ਦਾ ਪੋਚਾ ਜਾਣ ਬੁੱਝ ਕੇ ਮਾਰ ਦਿੱਤਾ ਜਾਂਦਾ ਹੈ। ਇਹ ਨਜ਼ਰ ਟਪਾਰ ਤੋਂ ਬਚਾਓ ਵਾਸਤੇ ਲੋਕ-ਮਨ ਦੀ ਲੋਕਧਾਰਕ ਜੁਗਤੀ ਹੈ।"[16]

ਉਪਰੋਕਤ ਹਵਾਲੇ ਵਿਚ ਸਿੱਠਣੀ ਦੇ ਪ੍ਰਕਾਰਜ ਬਾਰੇ ਚਰਚਾ ਕੀਤੀ ਗਈ ਹੈ। ਵਿਆਂਦੜ ਲਾੜੇ ਨੂੰ ਦਿੱਤੀਆਂ ਜਾਣ ਵਾਲੀਆਂ ਸਿੱਠਣੀਆਂ ਦਾ ਮੰਤਵ ਉਸ ਨੂੰ ਨਜ਼ਰ ਟਪਾਰ ਤੋਂ ਬਚਾਉਣ ਹਿੱਤ ਕੀਤਾ ਜਾਂਦਾ ਹੈ।

ਸਿੱਠਣੀਆਂ ਕੇਵਲ ਲੜਕੀ ਦੇ ਘਰ ਹੀ ਜਨੇਤ ਦੇ ਡੁਗਾ ਤੋਂ ਬਾਅਦ ਹੀ ਨਹੀਂ ਦਿੱਤੀਆਂ ਜਾਂਦੀਆਂ ਸਗੋਂ ਇਹਨਾਂ ਦਾ ਗਾਇਨ ਔਰਤਾਂ ਵੱਲੋਂ ਲੜਕੇ ਦੇ ਘਰ ਵੀ ਕੀਤਾ ਜਾਂਦਾ ਹੈ। ਇਹਨਾਂ ਦੇ ਨਿਭਾਉ ਵਿਚ ਅੰਤਰ ਕੇਵਲ ਏਨਾ ਹੀ ਆਉਂਦਾ ਹੈ ਕਿ ਲੜਕੀ ਘਰ ਇਹਨਾਂ ਨੂੰ ਦੇਣ ਦਾ ਮਾਹੌਲ ਢੁੱਕਵਾਂ ਬਣ ਜਾਂਦਾ ਹੈ ਸਿੱਠਣੀ ਅਜਿਹਾ ਖੁੱਲਾ ਲੋਕ ਗੀਤ ਹੈ ਜੋ ਆਹਮੋ ਸਾਹਮਣੇ ਖੜ ਕੇ, ਬਾਹਾਂ ਉਲਾਰ ਕੇ ਇਕ ਦੂਜੇ ਨੂੰ ਸੁਣਾਇਆ ਜਾਂਦਾ ਹੈ। ਲਾੜੇ ਅਤੇ ਬੰਨੜੇ ਦੇ ਘਰ ਸਿੱਠਣੀਆਂ ਨੂੰ ਨਿਭਾਉ ਸੰਦਰਭ ਅਨੁਸਾਰ ਇਸ ਪ੍ਰਕਾਰ ਵੰਡਿਆ ਗਿਆ ਹੈ।

- ਲਾੜੇ ਦੇ ਘਰ ਵਿਚ
- ਬਾਤੀਆਂ ਦੀ ਆਮਦ ਸਮੇਂ
- ਜਨੇਤ ਦੀ ਆਮਦ ਸਮੇਂ
- ਮਾਂਡੇ ਦੀ ਰੋਟੀ ਜਾਂ ਗਿਉਰ ਦੀ ਰੋਟੀ ਸਮੇਂ
- ਫੇਰਿਆਂ ਸਮੇਂ
- ਦਾਤ ਦੀ ਰਸਮ ਸਮੇਂ
- ਵਰ੍ਹੀ ਵਿਖਾਉਣ ਸਮੇਂ
- ਜਨੇਤ ਦੀ ਵਿਦਾਇਗੀ ਸਮੇਂ
- ਬਹੂ ਦੀ ਆਮਦ ਸਮੇਂ
- ਕੰਗਣਾ ਖੇਡਣ ਸਮੇਂ

ਸਿੱਠਣੀਆਂ ਰੂਪਕ ਸਰੰਚਨਾ ਦੇ ਪੱਖ ਤੋਂ ਹੀ ਨਹੀਂ ਸਗੋਂ ਨਿਭਾਉ ਪੱਖੋਂ ਵੀ ਖੁੱਲੇ ਗੀਤ-ਰੂਪ ਹਨ। ਸਿੱਠਣੀਆਂ ਦੇ ਨਿਭਾਉ ਪੱਖ ਤੋਂ ਚਰਚਾ ਕਰਦੇ ਉਪਰੋਕਤ ਹਵਾਲੇ ਨਾਲ ਸਹਿਮਤੀ ਪ੍ਰਗਟ ਕਰਦੇ ਵਿਚ ਆਖਿਆ ਜਾ ਸਕਦਾ ਹੈ ਕਿ ਸਿੱਠਣੀ ਕੇਵਲ ਬਰਾਤ ਦੇ ਢੁਕਾਅ ਸਮੇਂ ਹੀ ਨਹੀਂ ਸਗੋਂ ਵਿਆਹ ਦੀਆਂ ਅਨੇਕਾਂ ਰੀਤਾਂ-ਰਸਮਾਂ ਦੇ ਨਿਭਾਉ ਸਮੇਂ ਦਿੱਤੀਆਂ ਹਨ।

ਅੰਤ ਵਿਚ ਆਖਿਆ ਜਾ ਸਕਦਾ ਹੈ ਕਿ ਸਿੱਠਣੀ ਲੋਕ ਗੀਤ ਸਾਹਿਤ ਦਾ ਅਜਿਹਾ ਖੁੱਲਮ ਖੁੱਲਾ ਗੀਤ ਹੈ ਜਿਸ ਵਿਚ ਬਿਲਕੁਲ ਨਿਸੰਗ ਹੋ ਕੇ ਬੜੇ ਹੀ ਸੁਲਝੇ ਹੋਏ ਢੰਗ ਨਾਲ ਸਬੋਧਿਤ ਧਿਰ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਜਾਂ ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਸਿੱਠਣੀਆਂ ਵਿਚ ਜਿਸ ਧਿਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਉਸ ਦੇ ਸੁਭਾਅ, ਆਦਤਾਂ, ਪਹਿਰਾਵੇ, ਵਿਹਾਰ ਅਤੇ ਉਹਨਾਂ ਦੀ ਸਖਸੀਅਤ ਵਿਚ ਨੁਕਸ ਕੱਢ ਕੇ ਉਹਨਾਂ ਦਾ ਮਖ਼ੌਲ ਉਡਾਇਆ ਜਾਂਦਾ ਹੈ। ਸਿੱਠਣੀਆਂ ਵਿਚ ਸਬੋਧਿਤ ਧਿਰ ਦੀਆਂ ਔਰਤਾਂ ਦੇ ਚਰਿੱਤਰ ਤੇ ਇਲਜਾਮ ਲਾ ਕੇ ਵਿਅੰਗ ਕੀਤੇ ਜਾਂਦੇ ਹਨ। ਸਿੱਠਣੀਆਂ ਵਿਚ ਸਬੋਧਿਤ ਧਿਰ ਨੂੰ ਨੀਵਾਂ ਦਿਖਾ ਕੇ ਵਕਤਾ ਧਿਰ ਆਪਣੇ ਆਪ ਵਿਚ ਸਕੂਨ ਮਹਿਸੂਸ ਕਰਦੀ ਹੈ।

**ਛੰਨ ਪਪੀਹੇ (ਛੰਦ)**

ਛੰਨ ਵਿਆਹ ਨਾਲ ਸਬੰਧਿਤ ਲੋਕਗੀਤ ਹੈ। ਵਿਆਹ ਨਾਲ ਸਬੰਧਿਤ ਇਸ ਵੰਨਗੀ ਨੂੰ ਖੁੱਲੇ ਕਾਵਿ ਰੂਪਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ਕਿਉਂਕਿ ਇਸ ਵਿਚ ਪੁਨਰ ਸਿਰਜਨ ਦਾ ਕਾਰਜ ਮੌਕੇ ਅਨੁਸਾਰ ਚੱਲਦਾ ਰਹਿੰਦਾ ਹੈ। ਇਸ ਦੀ ਰਚਨਾ ਤੁਰਤ-ਫੁਰਤ ਸਥਿਤੀ ਅਤੇ ਮੌਕੇ ਅਨੁਸਾਰ ਕੀਤੀ ਜਾਂਦੀ ਹੈ। ਛੰਨ ਦੋ ਤੁਕਾਂ ਵਾਲੀ ਕਾਵਿ ਰਚਨਾ ਹੈ। ਇਸ ਵਿਚ ਉਚਾਰੀ ਜਾਣ ਵਾਲੀ ਪਹਿਲੀ ਤੁਕ ਰੂੜ੍ਹ ਹੁੰਦੀ ਹੈ ਅਤੇ ਇਸ ਦੀ ਦੂਜੀ ਤੁਕ ਮੌਕੇ ਅਤੇ ਸਥਿਤੀ ਅਨੁਸਾਰ

ECONSPEAK: A Journal of Advances in Management IT & Social Sciences,
Vol. 12, Issue 08, August 2022 Impact Factor 8.059 ISSN: (2231-4571)
www.skirec.org Email Id: skirec.org@gmail.com

ਉਚਾਰੀ ਜਾਂਦੀ ਹੈ। ਛੰਨ ਦੀ ਬਾਹਰੀ ਬਣਤਰ ਨਿੱਕੀ ਬੋਲੀ, ਦੋਹਰੇ, ਸਲੋਕ ਜਾਂ ਹੇਅਰੇ ਵਰਗੀ ਹੈ, ਪਰ ਇਸ ਦੀ ਆਤਮਕ ਬਣਤਰ ਇਹਨਾਂ ਤੋਂ ਬਿਲਕੁਲ ਵੱਖਰੀ ਹੈ। ਇਸ ਨੂੰ ਵਿਆਹ ਸਮੇਂ ਗਾਏ ਜਾਣ ਵਾਲੇ ਲੋਕਗੀਤਾਂ ਨਾਲੋਂ ਵਖਿਰਾਉਣ ਵਾਲਾ ਤੱਤ ਇਸ ਦਾ ਨਿਭਾਉ ਸੰਦਰਭ ਹੈ। ਛੰਨ ਦਾ ਉਚਾਰਨ ਬਿਨਾਂ ਕਿਸੇ ਹੇਕ ਤੋਂ ਕੀਤਾ ਜਾਂਦਾ ਹੈ। ਵਿਦਵਾਨਾਂ ਅਨੁਸਾਰ ਛੰਨ ਸ਼ਬਦ ਦੇ ਅਰਥ ਇਸ ਤਰ੍ਹਾਂ ਦਿੱਤੇ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

> "ਛੰਨ ਉਹ ਕਾਵਯ ਹੈ, ਜਿਸ ਵਿਚ ਮਾਤ੍ਰਾ, ਅੱਖਰ, ਗਣ ਆਦਿ ਨਿਯਮਾਂ ਦੀ ਪਾਬੰਦੀ ਹੋਵੇ।"[17]

ਡਾ. ਅਵਤਾਰ ਸਿੰਘ ਦਲੇਰ ਅਨੁਸਾਰ,

> "ਛੰਨ ਦੀ ਰਚਨਾ ਦੇ ਨਿਯਮ ਨਿੱਕੇ ਗੀਤ ਦੀ ਰਚਨਾ ਦੇ ਨਿਯਮਾਂ ਨਾਲ ਮਿਲਦੇ ਹਨ ਸ਼ਾਇਦ ਇਸ ਕਰਕੇ ਇਸ ਨੂੰ ਛੰਨ ਦਾ ਨਾਂ ਦਿੱਤਾ ਜਾਂਦਾ ਹੈ।"[18]

ਉਪਰੋਕਤ ਹਵਾਲਿਆਂ ਨਾਲ ਸਹਿਮਤੀ ਪ੍ਰਗਟ ਕਰਦੇ ਅਸੀਂ ਆਖ ਸਕਦੇ ਹਾਂ ਕਿ ਛੰਦ ਦੀ ਬਣਤਰ ਨਿੱਕੇ ਗੀਤ ਦੀ ਰਚਨਾ ਨਾਲ ਮਿਲਦੀ ਜੁਲਦੀ ਹੈ। ਇਸ ਦੀ ਪਹਿਲੀ ਤੁਕ ਸਹਿਜ ਸੁਭਾ ਹੀ ਉਚਾਰੀ ਜਾਂਦੀ ਹੈ, ਇਸੇ ਤਰ੍ਹਾਂ ਹੀ ਉਸਦੀ ਅਗਲੀ ਤੁਕ ਦਾ ਉਚਾਰ ਲੈਅ ਅਤੇ ਗਤੀ ਵਿਚ ਉਸੇ ਤਰ੍ਹਾਂ ਹੀ ਕੀਤਾ ਜਾਂਦਾ ਹੈ। ਛੰਨ ਕਾਵਿ ਨੂੰ ਰੂਪਗਤ ਰਚਨਾ ਪੱਖੋਂ ਖੁੱਲੇ ਕਾਵਿ ਰੂਪ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।

ਛੰਨ ਵਿਚ ਦੋ ਤੁਕਾਂ ਦਾ ਉਚਾਰਨ ਕੀਤਾ ਜਾਂਦਾ ਹੈ ਇਸ ਵਿਚ ਉਚਾਰੀ ਜਾਣ ਵਾਲੀ ਪਹਿਲੀ ਤੁਕ ਸਭਿਆਚਾਰ ਅੰਦਰ ਪਹਿਲਾਂ ਹੀ ਰੂੜ੍ਹ ਹੋ ਚੁੱਕੀ ਹੁੰਦੀ ਹੈ। ਇਸ ਵਿਚ ਉਚਾਰੀ ਜਾਣ ਵਾਲੀ ਦੂਜੀ ਤੁਕ ਨੂੰ ਔਰਤਾਂ ਦੁਆਰਾ ਮੌਕੇ ਅਨੁਸਾਰ ਰਚ ਲਿਆ ਜਾਂਦਾ ਹੈ। ਇਸ ਅੰਦਰਲੇ ਲਚਕੀਲੇਪਣ ਕਾਰਨ ਇਸ ਨੂੰ ਖੁੱਲੇ ਕਾਵਿ ਰੂਪਾਂ ਦਾ ਸ਼੍ਰੇਣੀ ਅਧੀਨ ਰੱਖਿਆ ਜਾਂਦਾ ਹੈ। ਵਿਆਹ ਵਾਲੇ ਘਰ ਵਿਚ ਛੰਨ ਪਪੀਹੇ ਦੀ ਰਸਮ ਸਾਲੀਆਂ ਅਤੇ ਜੀਜੇ ਦੇ ਵਿਚਕਾਰ ਫੇਰਿਆਂ ਤੋਂ ਬਾਅਦ ਨਿਭਾਈ ਜਾਂਦੀ ਹੈ। ਛੰਨ ਪਪੀਹੇ ਦਾ ਮੁੱਖ ਮੰਤਵ ਲਾੜੇ ਦੀ ਬੁੱਧੀ ਅਤੇ ਸੁਹਜਕਲਾ ਨੂੰ ਪਰਖਣਾ ਹੁੰਦਾ ਹੈ। ਛੰਨ ਦੀ ਰਚਨਾ ਮੌਕੇ ਅਨੁਸਾਰ ਘੜੇ ਜਾਣ ਕਾਰਨ ਇਸ ਵਿਚ ਤੱਟ ਫੱਟ ਰਚਨਾ ਦਾ ਅਮਲ ਬਹੁਤ ਹੀ ਤੇਜ਼ ਹੁੰਦਾ ਹੈ ਕਿਉਂਕਿ ਤੁਰੰਤ ਘੜੇ ਜਾਣ ਕਾਰਨ ਇਸ ਰਾਹੀਂ ਲਾੜੇ ਨੇ ਆਪਣੀ ਸਿਰਜਨਾਤਮਕ ਸੂਝ ਨੂੰ ਪੇਸ਼ ਕਰਨਾ ਹੁੰਦਾ ਹੈ। ਸਿਰਜਨਾਤਮਕ ਸੂਝ ਨੂੰ ਪੇਸ਼ ਕਰਨ ਲਈ ਉਸ ਲੋਕ ਪਰੰਪਰਾ ਵਿਚ ਮੌਜੂਦ ਚੌਖਦਾ ਛੰਨ ਪਪੀਹਾ, ਛੰਨ ਪਪੀਹਾ.......ਪਹਿਲਾਂ ਹੀ ਹੁੰਦਾ ਹੈ। ਛੰਨ ਸੁਣਾਉਣ ਵੇਲੇ ਉਚਾਰੀ ਜਾਣ ਵਾਲੀ ਦੂਜੀ ਤੁਕ ਵਧੇਰੇ ਮਹੱਤਵ ਰੱਖਦੀ ਹੈ ਕਿਉਂਕਿ ਪਹਿਲੀ ਤੁਕ ਪੂਰਵ ਨਿਸ਼ਚਿਤ ਅਤੇ ਰੂੜ੍ਹ ਹੋਈ ਹੁੰਦੀ ਹੈ। ਛੰਨ ਦੀ ਦੂਜੀ ਤੁਕ ਬਿਆਨਮਈ ਹੋਣ ਕਾਰਨ ਇਸ ਵਿਚ ਕਾਵਿ ਗੁਣ ਪੈਦਾ ਨਹੀਂ ਕੀਤੇ ਜਾ ਸਕਦੇ ਕਿਉਂਕਿ ਤੁਕਾਂਤ ਬਧ ਕਰਨ ਦੀ ਮਜ਼ਬੂਰੀ ਨੂੰ ਕਾਵਿਕਤਾ ਵਿਰੋਧੀ ਨਹੀਂ ਆਖਿਆ ਜਾ ਸਕਦਾ ਹੈ ਪਰ ਫਿਰ ਵੀ ਇਸ ਦੀ ਮੁਢਲੀ ਰੂੜ੍ਹ ਹੋ ਚੁੱਕੀ ਤੁਕ ਨੂੰ ਉਚਾਰਨ ਸਮੇਂ ਲਾਜ਼ਮੀ ਬਿਆਨਮਈ ਹੁੰਦਾ ਹੈ। ਛੰਨ ਨੂੰ ਉਚਾਰਨ ਸਮੇਂ ਰਚਨਾਕਾਰ ਦਾ ਪੂਰਾ ਧਿਆਨ ਆਪਣੀ ਤੁੱਕ ਨੂੰ ਜੋੜਨ ਵੱਲ ਹੁੰਦਾ ਹੈ।

ਇਸ ਰਸਮ ਸਮੇਂ ਜੀਜੇ ਦਾ ਮੇਲ ਸਾਲੀਆਂ ਨਾਲ ਹੁੰਦਾ ਹੈ। ਸਾਲੀਆਂ ਇਕੱਠੀਆਂ ਹੋ ਕੇ ਜੀਜੇ ਨਾਲ ਹਾਸਾ ਠੱਠਾ ਕਰਨ ਦੇ ਮੰਤਵ ਵਜੋਂ ਉਸ ਨੂੰ ਛੰਨ ਸੁਣਾਉਣ ਦੀ ਪੇਸ਼ਕਸ ਕਰਦੀਆਂ ਹਨ। ਛੰਨ ਸੁਣਾਉਣ ਦੀ ਪੇਸ਼ਕਸ ਸਮੇਂ ਸਾਲੀਆਂ ਵੱਲੋਂ ਜੀਜੇ ਦੀ ਅਕਲ, ਬੁੱਧੀ, ਚਲਾਕੀ, ਸੂਝ-ਸਿਆਣਪ, ਬੋਲਣ-ਚਾਲਣ ਦਾ ਤਰੀਕਾ ਅਤੇ ਉਸ ਦੇ ਸ਼ਿਸਟਾਚਾਰ ਦੀ ਪਰਖ ਕੀਤੀ ਜਾਂਦੀ ਹੈ। ਵਿਆਂਦੜ ਮੁੰਡੇ ਵੱਲੋਂ ਸਾਲੀਆਂ ਨਾਲ ਖੁੱਲ ਕੇ ਬੋਲਣ ਦਾ ਇਹ ਪਹਿਲਾ ਮੌਕਾ ਹੁੰਦਾ ਹੈ। ਜਿਥੇ ਉਹ ਛੰਨ ਸੁਣਾ ਕੇ ਸਾਲੀਆਂ ਨੂੰ ਹੈਰਾਨ ਕਰ ਦਿੰਦਾ ਹੈ।

**ਜਕੜੀਆਂ:-**

ਬਾਂਗਰ ਵਿਚ ਕੁੜੀ ਅਤੇ ਮੁੰਡੇ ਦੇ ਘਰ ਜਕੜੀਆਂ ਲੋਕਗੀਤ ਵੀ ਗਾਏ ਜਾਂਦੇ ਹਨ। ਇਹਨਾਂ ਦਾ ਆਰੰਭ ਕੁੜੀ ਦੇ ਘਰ ਪੰਜ ਜਾਂ ਸੱਤ ਸੁਹਾਗ ਗਾਉਣ ਤੋਂ ਬਾਅਦ ਜਦੋਂ ਕਿ ਮੁੰਡੇ ਦੇ ਘਰ ਪੰਜ ਜਾਂ ਸੱਤ ਘੋੜੀਆਂ ਗਾਉਣ ਤੋਂ ਬਾਅਦ ਹੁੰਦਾ ਹੈ। ਇਹਨਾਂ ਗੀਤਾਂ ਅੰਦਰ ਵਿਆਹੁਤਾ ਔਰਤ ਦੀ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਵਿਚ ਮਾਂ ਦੀ ਮਮਤਾ, ਵੀਰਨ ਦੇ ਪਿਆਰ, ਸੱਸਾਂ ਦੇ ਕਲੇਸ਼, ਬਾਬਲ ਦੇ ਧਰਵਾਸੇ, ਲਾਮ ਉੱਤੇ ਗਏ ਪਤੀਆਂ ਦੇ ਝੋਰੇ, ਪਰਿਵਾਰਕ ਜੀਵਨ ਦੀਆਂ ਦੁਸ਼ਵਾਰੀਆਂ, ਸਹੁਰੇ ਘਰ ਦੀਆਂ ਤੰਗੀਆਂ ਨੂੰ ਔਰਤਾਂ ਦੁਆਰਾ ਸਮੂਹਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਔਰਤ ਦੇ ਸਹੁਰੇ ਘਰ ਵਿਚ ਉਪਜੇ ਮਾਨਸਿਕ ਸੰਤਾਪ ਅਤੇ ਅੰਦਰੂਨੀ ਪੀੜਾਂ ਨੂੰ ਔਰਤਾਂ ਵੱਲੋਂ ਵਿਆਹ ਦੀਆਂ ਮਹਿਫ਼ਲਾਂ ਦੌਰਾਨ ਅਤੇ ਘਰ ਦੇ ਕੰਮ ਕਾਜ ਕਰਦੇ ਵੇਲੇ ਵੀ ਗਾ ਲਿਆ ਜਾਂਦਾ ਹੈ। ਇਹਨਾਂ ਗੀਤਾਂ ਦਾ ਗਾਇਨ ਸੁਆਣੀਆਂ ਵੱਲੋਂ ਸਮੂਹਿਕ ਰੂਪ ਵਿਚ ਜਾਂ ਇੱਕਲੇ ਤੌਰ ਤੇ ਕੀਤਾ ਜਾਂਦਾ ਹੈ।

ਇਹਨਾਂ ਬਾਂਗਰੂ ਜਕੜੀਆਂ ਅੰਦਰ ਵਿਆਹੀ ਔਰਤ ਨੇ ਹੱਡਬੀਤੀ ਅਤੇ ਜਗਬੀਤੀ ਦੀ ਕਹਾਣੀ ਨੂੰ ਕਾਫ਼ੀ ਰੀਝ ਅਤੇ ਠਰੰਮੇ ਨਾਲ ਆਖਿਆ ਹੈ। ਇਹ ਗੀਤ ਉਸ ਦੇ ਸਹੁਰੇ ਘਰ ਦੀ ਹਵੇਲੀ ਤੋਂ ਸ਼ੁਰੂ ਹੋ ਕੇ ਮਾਪਿਆ ਦੇ ਘਰ ਬੀਤੇ ਜ਼ਿੰਦਗੀ ਦੇ ਮਿੱਠੇ ਅਨੁਭਵਾਂ ਦੀ ਕਹਾਣੀ ਦੱਸਦੇ ਹਨ। ਮੁੰਡੇ ਅਤੇ ਕੁੜੀ ਦੇ ਵਿਆਹ ਸਮੇਂ ਕੁੜੀ ਦੇ ਘਰ ਸੁਹਾਗ ਅਤੇ ਮੁੰਡੇ ਦੇ ਘਰ ਘੋੜੀਆਂ ਗਾਉਣ ਤੋਂ ਬਾਅਦ ਔਰਤਾਂ ਵੱਲੋਂ ਜਕੜੀਆਂ ਦਾ ਗਾਇਨ ਆਰੰਭ ਹੋ ਜਾਂਦਾ ਹੈ। ਇਹਨਾ ਗੀਤਾਂ ਨੂੰ ਗਾਉਣ ਵਿਚ ਮਰਾਸਣ ਅਤੇ ਨੈਣ ਦਾ ਮੋਹਰੀ ਰੋਲ ਮੰਨਿਆ ਜਾਂਦਾ ਹੈ। ਇਹਨਾਂ ਗੀਤਾਂ ਨੂੰ ਗਾਉਣ ਲਈ ਦੋ-ਦੋ ਸੁਵਾਣੀਆਂ ਦੇ ਜੁੱਟ ਬਣਾਏ ਜਾਂਦੇ ਹਨ, ਜਿਨ੍ਹਾਂ ਦੀ ਅਵਾਜ਼ ਅਤੇ ਸੁਰ ਆਪਸ ਵਿਚ ਮਿਲਦਾ ਹੋਵੇ।

ਜਕੜੀਆਂ ਆਕਾਰ ਪੱਖੋਂ ਕਿਸੇ ਨਿਸ਼ਚਿਤ ਤਰਤੀਬ ਵਿਚ ਬੱਝੀਆਂ ਹੋਈਆਂ ਨਹੀਂ ਹਨ। ਇਹ ਤਿੰਨ ਚਾਰ ਸਤਰਾਂ ਦੀ ਜਾਂ ਵੀਹ ਪੰਝੀ ਸਤਰਾਂ ਦੀ ਵੀ ਹੋ ਸਕਦੀ ਹੈ। ਨਿਭਾਉ ਪੱਖ ਤੋਂ ਬਾਂਗਰੂ ਜਕੜੀਆਂ ਨੂੰ ਹੇਠ ਲਿਖੇ ਉਪਵਰਗਾਂ ਵਿਚ ਵੰਡਿਆ ਗਿਆ ਹੈ।

- ਇਕ ਜਾਂ ਦੋ ਸਵਾਣੀਆਂ ਵੱਲੋਂ ਗਾਈ ਜਾਣ ਵਾਲੀ ਜਕੜੀ
- ਸਮੂਹ ਵੱਲੋਂ ਸਮੂਹਕ ਰੂਪ ਵਿਚ ਗਾਈ ਜਾਣ ਵਾਲੀ ਜਕੜੀ

ਬਾਂਗਰੂ ਸਭਿਆਚਾਰ ਵਿਚ ਗਾਈਆਂ ਜਾਣ ਵਾਲੀਆਂ ਜਕੜੀਆਂ ਔਰਤਾਂ ਦੀ ਸਮਾਜਿਕ ਗੁਲਾਮੀ ਵਾਲੀ ਅਵਸਥਾ ਵਿਚੋਂ ਔਰਤ ਦੀ ਪੈਦਾ ਹੋਈ ਤ੍ਰਾਸਦਿਕ ਸੰਵੇਦਨਾ ਦਾ ਪ੍ਰਗਟਾਵਾ ਕਰਦੀਆਂ ਹਨ। ਇਹਨਾਂ ਗੀਤਾਂ ਵਿਚ ਔਰਤ ਦੇ ਆਦਰਸ਼ਕ ਘਰ ਦਾ ਸੁਪਨਾ ਭਾਵੇ ਵਾਸਤਵਿਕ ਘਰ ਦੇ ਵਿਰੋਧ ਵਿਚ ਟੁੱਟਦਾ ਦਿਖਾਇਆ ਗਿਆ ਹੈ। ਪਰੰਤੂ ਫਿਰ ਵੀ ਇਹਨਾਂ ਗੀਤਾਂ ਅੰਦਰ ਔਰਤ ਕਿਧਰੇ ਵੀ ਹਾਰਦੀ ਦਿਖਾਈ ਨਹੀਂ ਦਿੰਦੀ ਸਗੋਂ ਉਹ ਇਸ ਸਿਰਜਨਾ ਦੇ ਅਮਲ ਵਿਚ ਲੱਗੀ ਲਗਾਤਾਰ ਜੁੱਟੀ ਨਜ਼ਰ ਆਉਂਦੀ ਹੈ। ਇਹ ਗੀਤ ਭਾਵੇਂ ਉਦਾਸ ਸੁਰਾਂ ਕਾਰਨ ਗਮਗੀਨ ਮਾਹੌਲ ਦੀ ਸਿਰਜਨਾ ਕਰਦੇ ਹਨ ਪਰੰਤੂ ਫਿਰ ਵੀ ਇਹਨਾਂ ਨੂੰ ਵਿਆਹ ਦੀਆਂ ਸੁਖਦ ਸਥਿਤੀਆਂ ਵਿਚ ਗਾਏ ਜਾਣਾ ਇਹਨਾਂ ਦੀ ਮਹੱਤਤਾ ਨੂੰ ਪ੍ਰਗਟ ਕਰਦਾ ਹੈ।

ਉਪਰੋਕਤ ਵਿਵਰਣ ਤੋਂ ਬਾਅਦ ਆਖਿਆ ਜਾ ਸਕਦਾ ਹੈ ਕਿ ਬਾਂਗਰ ਵਿਚ ਵਿਆਹ ਸਮੇਂ ਗਾਏ ਜਾਣ ਵਾਲੇ ਗੀਤ ਬੰਨੜੇ, ਲਾਡੋ, ਸੁਹਾਗ, ਸਿੱਠਣੀਆਂ, ਛੰਨ ਪਪੀਹੇ, ਜਕੜੀਆਂ ਆਦਿ ਵੱਖਰੇ-ਵੱਖਰੇ ਭਾਵਾਂ ਨੂੰ ਵਿਅਕਤ ਕਰਦੇ

ECONSPEAK: A Journal of Advances in Management IT & Social Sciences,
Vol. 12, Issue 08, August 2022 Impact Factor 8.059 ISSN: (2231-4571)
www.skirec.org Email Id: skirec.org@gmail.com

ਹਨ। ਵਿਆਹ ਸਮੇਂ ਗਾਏ ਜਾਣ ਵਾਲੇ ਗੀਤਾਂ ਦੀ ਰੂਪਕ ਬਣਤਰ ਬਾਰੇ ਚਰਚਾ ਕਰਦੇ ਆਖ ਸਕਦੇ ਹਾਂ ਕਿ ਬਾਂਗਰ ਸਭਿਆਚਾਰ ਵਿਚ ਇਹਨਾਂ ਗੀਤਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਸਾਜੋੜੀ ਗਾਉਣ ਦੀ ਪ੍ਰਥਾ ਪਰੰਪਰਾਗਤ ਰੂਪ ਵਿਚ ਮਿਲਦੀ ਹੈ। ਵਿਆਹ ਸਮੇਂ ਗਾਏ ਜਾਣ ਵਾਲੇ ਉਪਰੋਕਤ ਗੀਤਾਂ ਨੂੰ ਖੁੱਲੇ ਕਾਵਿ ਸ਼੍ਰੇਣੀ ਅਤੇ ਬੰਦ ਕਾਵਿ ਸ਼੍ਰੇਣੀ ਦੇ ਅੰਤਰਗਤ ਵੰਡਿਆ ਜਾ ਸਕਦਾ ਹੈ। ਮੁੰਡੇ ਅਤੇ ਕੁੜੀ ਦੇ ਘਰ ਗਾਏ ਜਾਣ ਵਾਲੇ ਸੁਹਾਗ ਅਤੇ ਘੋੜੀਆਂ ਬੰਦ ਰੂਪਗਤ ਸ਼੍ਰੇਣੀ ਦੇ ਅੰਤਰਗਤ ਰੱਖੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਠਣੀਆਂ ਤੇ ਛੰਨ ਪਪੀਹੇ ਦਾ ਉਚਾਰਨ ਤਟਫਟ ਹੋਣ ਕਾਰਨ ਮੌਕੇ ਅਨੁਸਾਰ ਕੀਤਾ ਜਾਂਦਾ ਹੈ। ਇਹਨਾਂ ਨੂੰ ਖੁੱਲ੍ਹੇ ਕਾਵਿ ਸ਼੍ਰੇਣੀ ਅਧੀਨ ਰੱਖਿਆ ਜਾਂਦਾ ਹੈ।

## ਹਵਾਲੇ ਤੇ ਟਿੱਪਣੀਆਂ

1. ਮਹਾਨ ਕੋਸ਼, ਪੰਨਾ 849
2. ਖੰਡੇਵਾਲ ਸ਼ਿਵ ਕੁਮਾਰ, ਬਾਂਗਰੂ ਬੋਲੀ ਦਾ ਭਾਸ਼ਾ ਸ਼ਾਸਤਰੀ ਅਧਿਐਨ, ਬਾਨੀ ਪ੍ਰਕਾਸ਼ਨ, ਦਿੱਲੀ, 1983, ਪੰਨਾ 23
3. ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼ (ਸਕੂਲ ਪੱਧਰ), ਪੰਨਾ 639
4. ਉਧਰਿਤ, ਸਾਧੂ ਰਾਮ ਸ਼ਾਰਦਾ (ਡਾ.), ਹਰਿਆਣਾ ਕੀ ਉਪਭਾਸ਼ਾਏ, ਹਰਿਆਣਾ ਸਾਹਿਤ ਅਕਾਦਮੀ, 2011, ਪੰਨਾ 2
5. ਸਾਧੂ ਰਾਮ ਸ਼ਾਰਦਾ (ਡਾ.) ਹਰਿਆਣਾ ਕੀ ਉਪਭਾਸ਼ਾਏ,ਹਰਿਆਣਾ ਸਾਹਿਤ ਅਕਾਦਮੀ, 2011, ਪੰਨਾ 3
6. ਨਾਹਰ ਸਿੰਘ (ਡਾ.), ਬਾਗੀਂ ਚੰਬਾ ਖਿੜ ਰਿਹਾ ,ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਪੰਨਾ 76.
7. ਸ਼ੰਕਰ ਲਾਲ ਯਾਦਵ (ਡਾ.), ਹਰਿਆਣਾ ਪ੍ਰਦੇਸ਼ ਦਾ ਲੋਕ ਸਾਹਿਤ, ਹਿੰਦੁਸਤਾਨੀ ਅਕਾਦਮੀ ਇਲਾਹਾਬਾਦ, 2000, ਪੰਨਾ 182.
8. ਮੰਜੂ ਤੱਵਰ (ਡਾ.), ਹਰਿਆਣਵੀ ਦੇ ਲੋਕਗੀਤ,ਸਵਰਾਜ ਪ੍ਰਕਾਸ਼ਨ ਦਰਿਆਗੰਜ, ਦਿੱਲੀ2017, ਪੰਨਾ 64.
9. ਸ਼ੰਕਰ ਲਾਲ ਯਾਦਵ (ਡਾ.), ਉਹੀ, ਪੰਨਾ 182.
10. ਮੰਜੂ ਤੱਵਰ (ਡਾ.), ਉਹੀ, ਪੰਨਾ 77.
11. ਮਹਾਨ ਕੋਸ਼, ਪੰਨਾ 447.
12. ਉਧਰਿਤ, ਰਾਜਵੰਤ ਕੌਰ ਪੰਜਾਬੀ (ਡਾ.), ਵਿਆਹ ਦੇ ਲੋਕਗੀਤ: ਵਿਭਿੰਨ ਪਰਿਪੇਖ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ 69.
13. ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਪੰਜਵੀਂ, ਪੰਨਾ 823.
14. ਮਹਾਨ ਕੋਸ਼, ਪੰਨਾ 195.
15. ਉਧਰਿਤ, ਰਾਜਵੰਤ ਕੌਰ ਪੰਜਾਬੀ (ਡਾ.), ਵਿਆਹ ਦੇ ਲੋਕਗੀਤ: ਵਿਭਿੰਨ ਪਰਿਪੇਖ, ਲੋਕ ਗੀਤ ਪ੍ਰਕਾਸ਼ਨ, ਚੰਡ੍ਹੀਗੜ੍ਹ, 2003, ਪੰਨਾ 72.
16. ਨਾਹਰ ਸਿੰਘ (ਡਾ.), ਰੜੇ ਭੰਬੀਰੀ ਬੋਲੇ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 21.
17. ਮਹਾਨ ਕੋਸ਼, ਪੰਨਾ 495.
18. ਅਵਤਾਰ ਸਿੰਘ (ਦਲੇਰ), ਪੰਜਾਬੀ ਲੋਕਗੀਤ ਬਣਤਰ ਤੇ ਵਿਕਾਸ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1967 , ਪੰਨਾ 43.